# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 04-01-2022 ਸਮਾਂ ਦੁਪਹਿਰ 12:00 ਵਜੇ ਸ੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 22 | ਸ੍ਰੀ ਜਸਬੀਰ ਸਿੰਘ ਮੱਣਕੂ | 36 | ਸ੍ਰੀ ਪ੍ਰਮੋਦ ਕੁਮਾਰ |
| 8 | ਸ੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 23 | ਸ੍ਰੀਮਤੀ ਜਤਿੰਦਰ ਕੋਰ | 38 | ਸ੍ਰੀ ਸਰਬਜੀਤ ਸਿੰਘ |
| 3 | ਸ੍ਰੀ ਮਤੀ ਦਵਿੰਦਰ ਕੋਰ ਵਾਲਿਆ | 24 | ਸ੍ਰੀ ਚਰਨ ਸਿੰਘ ਮਾਸਟਰ | 39 | ਸ੍ਰੀਮਤੀ ਕਰਮਜੀਤ ਕੋਰ |
| 4 | ਸ੍ਰੀ ਰਜਿੰਦਰ ਸਿੰਘ ਰਾਣਾ | 25 | ਸ੍ਰੀ ਮਨਜੀਤ ਕੋਰ | 40 | ਸ੍ਰੀ ਸੁੱਚਾ ਸਿੰਘ ਕਲੋੜ |
| 5 | ਸ੍ਰੀਮਤੀ ਰੁਪਿੰਦਰ ਕੋਰ ਰੀਨਾ | 26 | ਸ੍ਰੀ ਰਵਿੰਦਰ ਸਿੰਘ | 41 | ਸ੍ਰੀਮਤੀ ਕੁਲਵੰਤ ਕੋਰ |
| 6 | ਸ੍ਰੀ ਜਸਪ੍ਰੀਤ ਸਿੰਘ ਗਿੱਲ | 27 | ਸ੍ਰੀਮਤੀ ਪਰਵਿੰਦਰ ਕੋਰ | 43 | ਸ੍ਰੀਮਤੀ ਹਰਵਿੰਦਰ ਕੋਰ |
| 7 | ਸ੍ਰੀਮਤੀ ਬਲਜੀਤ ਕੋਰ | 28 | ਸ੍ਰੀਮਤੀ ਰਮਨਪ੍ਰੀਤ ਕੋਰ | 44 | ਸ੍ਰੀ ਜਗਦੀਸ ਸਿੰਘ |
| 11 | ਸ੍ਰੀਮਤੀ ਅਨੁਰਾਧਾ ਆਨੰਦ ਅੰਨੁ | 29 | ਸ੍ਰੀਮਤੀ ਕੁਲਦੀਪ ਕੋਰ | 45 | ਸ੍ਰੀਮਤੀ ਮੀਨਾ ਕੌਂਡਲ |
| 13 | ਸ੍ਰੀਮਤੀ ਨਮਰਤਾ ਸਿੰਘ | 30 | ਸ੍ਰੀ ਵਿਨੀਤ ਮਲਿਕ | 46 | ਸ੍ਰੀ ਰਵਿੰਦਰ ਸਿੰਘ |
| 14 | ਸ੍ਰੀ ਕਮਲਪ੍ਰੀਤ ਸਿੰਘ ਬਨੀ | 31 | ਸ੍ਰੀਮਤੀ ਕੁਲਜਿੰਦਰ ਕੋਰ | 47 | ਸ੍ਰੀਮਤੀ ਸੁਮਨ |
| 16 | ਸ੍ਰੀ ਨਰਪਿੰਦਰ ਸਿੰਘ ਰੰਗੀ | 32 | ਸ੍ਰੀ ਹਰਜੀਤ ਸਿੰਘ ਬੈਦਵਾਨ | 49 | ਸ੍ਰੀਮਤੀ ਗੁਰਪ੍ਰੀਤ ਕੋਰ |
| 17 | ਸ੍ਰੀਮਤੀ ਰਾਜਵੀਰ ਕੌਰ ਗਿੱਲ | 34 | ਸ੍ਰੀ ਸੁਖਦੇਵ ਸਿੰਘ | 50 | ਸ੍ਰੀਮਤੀ ਗੁਰਮੀਤ ਕੌਰ |
| 19 | ਸ੍ਰੀਮਤੀ ਰਾਜ ਰਾਣੀ ਜੈਨ | 35 | ਸ੍ਰੀ ਅਰੁਨਾ ਸ਼ਰਮਾ | | |

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 78 | 04-01-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ: 02-11-2021 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 2) | 79 | 04-01-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 13-05-2021, 09-07-2021, 10-11-2021, 18-11-2021, 09-12-2021 ਅਤੇ 27-12-2021 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 3) | 80 | 04-01-2022 | **Const. of room/hall 5th floor in MC Bhawan Sec-68. (Est. cost 10.45 lacs)**<br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਅਧੀਨ ਕੰਮ ਇਸ ਦਫ਼ਤਰ ਦੇ ਵਰਕ ਆਰਡਰ ਨੰ 741 ਮਿਤੀ 10-08-2021 ਰਾਹੀਂ ਰੈਡ ਰੋਜ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਨੂੰ ਅਲਾਟ ਕੀਤਾ ਗਿਆ ਸੀ। ਇਹ ਕੰਮ ਦਫ਼ਤਰ ਵਿਖੇ 5ਵੀ ਮੰਜਿਲ ਤੇ ਨਵੇਂ ਰੂਮ/ਹਾਲ ਬਣਾਉਣ ਨਾਲ ਸਬੰਧਤ ਹੈ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇੰਜ: ਸਾਖਾ ਵਿਖੇ 5 ਨਵੇ ਕੈਬਿਨ 1 ਸੈਨੀਟੇਸ਼ਨ ਅਤੇ 1 ਨਵਾਂ ਕੈਬਿਨ ਗਰਾਊਡ ਤੇ ਬਣਾਇਆ ਗਿਆ ਹੈ। ਜਿਸ ਉਤੇ ਲਗਭਗ 8 ਲੱਖ ਰੁਪਏ ਖ਼ਰਚ ਹੋ ਗਏ ਹਨ। ਇਸ ਤੋਂ ਇਲਾਵਾ ਦਫ਼ਤਰ ਵਿਖੇ ਗਰਾਊਡ ਫਲੋਰ ਤੇ 5 ਨਵੇ ਹੋਰ ਰੂਮ ਤਿਆਰ ਕੀਤੇ ਜਾਣੇ ਹਨ। ਜਿਸ ਕਾਰਨ ਇਹ ਕੰਮ ਅਲਾਟਡ ਰਕਮ ਤੋਂ ਲਗਭਗ 25% ਵਧ ਜਾਵੇਗਾ। ਸੋ ਉਕਤ ਤਖਮੀਨੇ ਨੂੰ ਅਲਾਟਡ ਰਕਮ ਤੋਂ 25% ਵਧਾਉਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | |
| 4) | 81 | 04-01-2022 | **ਨਗਰ ਨਿਗਮ ਦੀ ਹਦੂਦ ਅੰਦਰ ਪੈਂਦੀਆਂ ਸੁਸਾਇਟੀਆਂ ਦੇ ਕੰਮਾਂ ਦੇ ਤਖਮੀਨੇ ਪ੍ਰਵਾਨ ਕਰਨ ਸਬੰਧੀ।**<br>1) **Providing and fixing of park lights in parks and street lights in phase 2 army flat S.A.S. Nagar. (E/C- 2.10 lacs)**<br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਅਧੀਨ ਕੰਮ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ 76(11) ਮਿਤੀ 09-07-2021 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ। ਉਕਤ ਤਖਮੀਨੇ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ. 320 ਮਿਤੀ 17-11-2021 ਨੂੰ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਨੂੰ ਉਕਤ ਕੰਮ ਕਰਵਾਉਣ ਲਈ ਮਿਉਂਸਪਲ ਐਕਟ 1976 ਦੀ ਧਾਰਾ 82(3) ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਇਸ ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ. ਸ5-ਡਸਸ-ਮਸਸ-2021/46821 ਮਿਤੀ 29-11-2021 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਕੰਮ ਤੇ ਆਉਣ ਵਾਲੇ ਖਰਚੇ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਨਗਰ ਨਗਮ ਦੇ ਫੰਡ ਤੇ ਫਿਟ ਚਾਰਜ ਘੋਸ਼ਿਤ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਸ ਤਜਵੀਜ ਨੂੰ ਨਗਰ ਨਿਗਮ ਦੇ ਜਨਰਲ ਹਾਊਸ ਦੀ ਆਗਾਮੀ ਮੀਟਿੰਗ ਵਿੱਚ ਪ੍ਰਵਾਨ ਕਰਵਾ ਲਿਆ ਜਾਵੇ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 5) | 82 | 04-01-2022 | **P/L of paver block in Pancham Society Sector-68, ward no. 30 Mohali (25.62 lacs)**<br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਅਧੀਨ ਕੰਮ ਨੂੰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 229 (21) ਮਿਤੀ 01-09-2021 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ। ਇਹ ਕੰਮ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82 (3) ਅਧੀਨ ਕਰਵਾਇਆ ਜਾਣਾ ਹੈ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਦੇ ਪੱਤਰ ਨੰਬਰ ਸ5-ਡਸਸ-ਮਸਸ-2021/43949 ਮਿਤੀ 01-11-2021 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਕੰਮ ਤੇ ਆਉਣ ਵਾਲੇ 25.62 ਲੱਖ ਰੁਪਏ ਦੇ ਖਰਚੇ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82 (3) ਅਧੀਨ ਨਗਰ ਨਿਗਮ ਦੇ ਫੰਡ ਤੇ ਫਿਟ ਚਾਰਜ ਘੋਸਿਤ ਕਰਨ ਦੀ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਸ ਤਜਵੀਜ ਨੂੰ ਨਗਰ ਨਿਗਮ ਦੇ ਜਨਰਲ ਹਾਊਸ ਦੀ ਆਗਾਮੀ ਮੀਟਿੰਗ ਵਿੱਚ ਪ੍ਰਵਾਨ ਕਰਵਾ ਲਿਆ ਜਾਵੇ। ਇਸ ਲਈ ਉਕਤ ਕੰਮ ਨਗਰ ਨਿਗਮ ਦੇ ਜਨਰਲ ਹਾਊਸ ਵਿੱਚ ਪ੍ਰਵਾਨ ਕਰਵਾਉਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 6) | 83 | 04-01-2022 | **ਨਗਰ ਨਿਗਮ, ਬਟਾਲਾ ਤੋਂ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਬਦਲੀ ਕਰਵਾਉਣ ਸਬੰਧੀ।**<br><br>ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਸ੍ਰੀ ਅਨੂਪ ਸ਼ਰਮਾ, ਕਲਰਕ, ਨਗਰ ਨਿਗਮ, ਬਟਾਲਾ (ਮੌਜੂਦਾ ਡਿਊਟੀ ਮੁੱਖ ਦਫਤਰ, ਚੰਡੀਗੜ੍ਹ), ਵੱਲੋਂ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਦਰਖਾਸਤ ਭੇਜ ਕੇ ਹੇਠ ਲਿਖੇ ਅਨੁਸਾਰ ਬੇਨਤੀ ਕੀਤੀ ਗਈ ਹੈ :-<br>"ਮੈਂ ਬਤੌਰ ਕਲਰਕ ਨਗਰ ਨਿਗਮ, ਬਟਾਲਾ ਦਾ ਰੈਗੂਲਰ ਕਰਮਚਾਰੀ ਹਾਂ। ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਆਪਣੇ ਪੱਤਰ/ ਹੁਕਮ ਮਿਤੀ 20/02/2019 ਰਾਹੀਂ ਮੇਰੀ ਡਿਊਟੀ ਮੁੱਖ ਦਫਤਰ, ਚੰਡੀਗੜ੍ਹ ਵਿੱਖੇ ਲਗਾ ਕੇ ਤਨਖਾਹ ਨਗਰ ਕੌਸਲ, ਬਟਾਲਾ ਤੋਂ ਡਰਾਅ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਮੈਂ ਇੱਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਮਾਤਾ ਜੀ ਨੂੰ ਬਲਡ ਨਾਲ ਸਬੰਧਤ ਮਲਟੀਪਲ ਬਿਮਾਰੀਆਂ (ਹਾਈ ਬੀ.ਪੀ., ਥਾਈਰਾਇਡ, ਯੂਰਿਕ ਐਸਿਡ ਅਤੇ ਸੂਗਰ ਦੀ ਬਿਮਾਰੀ) ਹਨ। ਜਿਨ੍ਹਾਂ ਦਾ ਇਲਾਜ ਮੋਹਾਲੀ ਵਿੱਖੇ ਚੱਲ ਰਿਹਾ ਹੈ। ਮੇਰੇ ਤੋਂ ਇਲਾਵਾ ਮੇਰੀ ਮਾਤਾ ਜੀ ਦੀ ਦੇਖ-ਭਾਲ ਕਰਨ ਲਈ ਹੋਰ ਕੋਈ ਨਹੀਂ ਹੈ। ਇਸ ਤੋਂ ਇਲਾਵਾ ਹਾਲ ਹੀ ਵਿੱਚ ਮੇਰੀ ਸ਼ਾਦੀ ਹੋਈ ਹੈ ਅਤੇ ਮੇਰੇ ਇੰਨ ਲਾਅਜ ਖਰੜ (ਐਸ.ਏ.ਐਸ ਨਗਰ) ਦੇ ਹਨ। ਇਸ ਲਈ ਮੈਂ ਆਪਣੀ ਮਾਤਾ ਜੀ ਦੀ ਸਿਹਤ ਅਤੇ ਕਰੀਬੀ ਰਿਸ਼ਤੇਦਾਰ ਕਰਕੇ ਭਵਿੱਖ ਵਿੱਚ ਚੰਡੀਗੜ੍ਹ ਦੇ ਆਸ-ਪਾਸ ਹੀ ਸੇਟਲ ਹੋਣਾ ਚਾਹੁੰਦਾ ਹਾਂ। ਇਸ ਲਈ ਕ੍ਰਿਪਾ ਕਰਕੇ ਮੇਰੇ ਘਰੇਲੂ ਹਲਾਤਾਂ ਨੂੰ ਮੁੱਖ ਰੱਖਦੇ ਹੋਏ ਮੇਰੀ ਬਦਲੀ ਨਗਰ ਨਿਗਮ, ਬਟਾਲਾ ਤੋਂ ਨਗਰ ਨਿਗਮ, ਮੋਹਾਲੀ ਵਿੱਖੇ ਕਰਨ ਲਈ ਲੋੜੀਂਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। "<br>ਸ੍ਰੀ ਅਨੂਪ ਸ਼ਰਮਾ, ਕਲਰਕ, ਨਗਰ ਨਿਗਮ, ਬਟਾਲਾ ਵੱਲੋਂ ਕੀਤੀ ਗਈ ਉਕਤ ਪ੍ਰਤੀ ਬੇਨਤੀ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਸਮੇਂ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਵਿਖੇ ਕਲਰਕ ਦੀਆਂ ਕੁੱਲ 56 ਅਸਾਮੀਆਂ ਪ੍ਰਵਾਨਤ ਹਨ ਜਿਨ੍ਹਾਂ ਵਿੱਚੋਂ ਸਿੱਧੀ ਭਰਤੀ ਦੇ ਕੋਟੇ ਦੀਆਂ 48 ਅਸਾਮੀਆਂ ਪ੍ਰਵਾਨਤ ਹਨ, ਜਿਨ੍ਹਾਂ ਦੇ ਵਿਰੁੱਧ ਸਿੱਧੀ ਭਰਤੀ ਦੇ ਕੋਟੇ ਵਿਰੁੱਧ ਇਸ ਸਮੇਂ 8 ਕਲਰਕ ਕੰਮ ਕਰ ਰਹੇ ਹਨ ਅਤੇ ਜਿਨ੍ਹਾਂ ਵਿੱਚੋਂ 25 ਅਸਾਮੀਆਂ ਭਰਨ ਲਈ ਇਸ ਨਗਰ ਨਿਗਮ ਵੱਲੋਂ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਤਜਵੀਜ ਭੇਜੀ ਹੋਈ ਹੈ। ਜਿਸਦੇ ਵਿਰੁੱਧ ਸਰਕਾਰ ਵੱਲੋਂ 1 ਕਲਰਕ (ਲੀਗਲ) ਦੀ ਤੈਨਾਤੀ ਇਸ ਨਗਰ ਨਿਗਮ ਵਿੱਖੇ ਕੀਤੀ ਗਈ ਹੈ। ਇਸ ਲਈ ਇਸ ਸਮੇਂ ਇਸ ਨਗਰ ਨਿਗਮ ਵਿੱਖੇ ਕਲਰਕ ਦੀਆਂ ਕੁੱਲ 16 | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਅਸਾਮੀਆਂ ਖਾਲੀ ਪਈਆਂ ਹਨ। ਜਿਨ੍ਹਾਂ ਵਿਰੁੱਧ ਇਸ ਨਗਰ ਨਿਗਮ ਵਿੱਖੇ ਆਉਟਸੋਰਸ ਰਾਹੀਂ ਕਰਮਚਾਰੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਇਹ ਵੀ ਦੱਸਣਯੋਗ ਹੈ ਕਿ ਸ੍ਰੀ ਅਨੂਪ ਸ਼ਰਮਾ, ਕਲਰਕ ਦੀ ਬਦਲੀ ਨਗਰ ਨਿਗਮ, ਬਟਾਲਾ ਤੋਂ ਨਗਰ ਨਿਗਮ, ਮੋਹਾਲੀ ਵਿੱਖੇ ਕਰਨ ਸਬੰਧੀ ਨਗਰ ਨਿਗਮ, ਬਟਾਲਾ ਵੱਲੋਂ ਮਤਾ ਨੰਬਰ 86 ਮਿਤੀ 11/01/2021 ਪ੍ਰਵਾਨ ਕਰਕੇ ਸਥਾਨਕ ਸਰਕਾਰ ਵਿਭਾਗ ਵਿੱਖੇ ਭੇਜਿਆ ਗਿਆ। ਜਿਸਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਆਪਣੇ ਪੱਤਰ ਨੰਬਰ ਸ5/ਡਸਸ/ਮਸਸ/2021/1894 ਮਿਤੀ 24/02/2021 ਰਾਹੀਂ ਦਿੱਤੀ ਗਈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਸ੍ਰੀ ਅਨੂਪ ਸ਼ਰਮਾ, ਕਲਰਕ, ਨਗਰ ਨਿਗਮ, ਬਟਾਲਾ (ਮੌਜੂਦਾ ਡਿਊਟੀ ਮੁੱਖ ਦਫਤਰ, ਚੰਡੀਗੜ੍ਹ), ਦੀ ਬਦਲੀ ਨਗਰ ਨਿਗਮ, ਬਟਾਲਾ ਤੋਂ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਖੇ ਕਰਨ ਲਈ ਕੇਸ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਵਿੱਚ ਵਿਚਾਰਨ ਉਪਰੰਤ ਪ੍ਰਵਾਨਗੀ ਲਈ ਭੇਜਣ ਲਈ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | |
| 7) | 84 | 04-01-2022 | **ਮੁਸਲਿਮ ਕਬਰਿਸਤਾਨ ਅਤੇ ਈਸਾਈ ਭਾਈਚਾਰੇ ਦਾ ਗਰੇਵਯਾਰਡ ਹੈਂਡਓਵਰ ਕਰਨ ਸਬੰਧੀ।**<br><br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਸਬੰਧੀ "Masjid E Aishya FlahullAwaam Welfare Committee" #1 Azad Nagar Vill Balongiਅਤੇ Church Association ਵੱਲੋ ਮੁਸਲਿਮ ਕਬਰੀਸਤਾਨ ਅਤੇ ਈਸਾਈ ਭਾਈਚਾਰੇ ਗਰੇਵਯਾਰਡ ਹੈਂਡਓਵਰ ਕਰਨ ਲਈ ਦਰਖਾਸਤ ਦਿੱਤੀ ਗਈ ਹੈ ਅਤੇ ਲਿਖਿਆ ਗਿਆ ਹੈ ਕਿ ਇਸ ਏਰਿਆ ਦੀ ਦੇਖਭਾਲ ਉਹਨਾਦੀ ਕਮੇਟੀ ਅਤੇ Association ਵੱਲੋ ਕੀਤੀ ਜਾਵੇਗੀ।<br>ਇੱਥੇ ਦਸਣਯੋਗ ਹੋਵੇਗਾ ਕਿ ਜੇਕਰ ਉਕਤ ਅਨੁਸਾਰ ਪ੍ਰਵਾਨ ਹੁੰਦਾ ਹੈ ਤਾਂ ਮੁਸਲਿਮ ਕਬਰੀਸਤਾਨ ਅਤੇ ਈਸਾਈ ਭਾਈਚਾਰੇ ਗਰੇਵਯਾਰਡ ਹੇਠ ਲਿਖਿਆ ਸ਼ਰਤਾਂ ਤੇ ਹੈਂਡਓਵਰ ਕੀਤਾ ਜਾ ਸਕਦਾ ਹੈ<br>1.Committee/association ਵੱਲੋ ਇਸ ਏਰਿਆ ਵਿਚ ਕੋਈ ਵੀ ਪੱਕਾ ਸਟਰਕਚਰ ਨਹੀ ਬਣਾਇਆ ਜਾਵੇਗਾ।<br>2. ਇਸ ਏਰੀਆ ਵਿੱਚ ਸਾਫ ਸਫਾਈ ਅਤੇ ਘਾਹ ਬੂਟੀ ਦੀ ਕਟਿੰਗ ਆਦਿ ਉਕਤ ਕਮੇਟੀ/ ਐਸ਼ੋਸੀਏਸ਼ਨ ਵੱਲੋ ਕੀਤੀ ਜਾਵੇਗੀ ।<br>3. ਇਸ ਏਰੀਆ ਵਿੱਚwatch &ward/security ਸਬੰਧੀ ਪੂਰੀ ਜਿਮੇਵਾਰੀ ਕਮੇਟੀ/ਐਸ਼ੋਸੀਏਸ਼ਨ ਦੀ ਹੋਵੇਗਾ।<br>4. ਕਬਰੀਸਤਾਨ ਅਤੇ ਗਰੇਵਯਾਰਡ ਵਿੱਚ ਦਫਨਾਏ ਜਾਣ ਵਾਲੇ ਵਿਅਕਤੀਆਂ ਦਾ ਸਾਰਾ ਰਿਕਾਰਡ/ ਵੇਰਵਾ ਕਮੇਟੀ/ਐਸ਼ੋਸੀਏਸ਼ਨ ਵੱਲੋ ਰੱਖਿਆ ਜਾਵੇਗਾ । | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਉਕਤ ਅਨੁਸਾਰ ਜੇਕਰ ਪ੍ਰਵਾਨ ਹੋਵੇ ਤਾਂ ਮੁਸਲਿਮ ਕਬਰੀਸਤਾਨ ਅਤੇ ਈਸਾਈ ਭਾਈਚਾਰੇ ਗਰੇਡਯਾਰਡ ਜਨਰਲ ਹਾਊਸ ਦੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਸਬੰਧਤਾ ਨੂੰ ਇੱਕ ਸਾਲ ਲਈ ਹੈਂਡਓਵਰ ਕਰ ਦਿੱਤਾ ਜਾਵੇ ਜੀ ਅਤੇ ਜੇਕਰ ਉਨਾਂ ਵੱਲੋ ਉਕਤ ਏਰੀਆ ਦੀ ਸੰਭਾਲ ਤਸਲੀਬਖਸ਼ ਕੀਤੀ ਜਾਂਦੀ ਹੈ ਤਾਂ ਇਸ ਵਿੱਚ ਸਮੇਂ ਦਾ ਵਾਧਾ ਕਰ ਦਿੱਤਾ ਜਾਵੇਗਾ ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 8) | 85 | 04-01-2022 | **ਨਗਰ ਨਿਗਮ ਵਿਖੇ ਕੰਮ ਕਰਦੇ ਦਰਜਾ-4 ਕਰਮਚਾਰੀਆਂ ਵਿੱਚੋਂ ਬਤੌਰ ਡਰਾਇਵਰ ਪਦਉੱਨਤ ਕਰਨ ਸਬੰਧੀ।**<br>ਰਿਪੋਰਟ ਅਮਲਾ ਸ਼ਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਨਗਰ ਨਿਗਮ ਵਿਖੇ ਡਰਾਇਵਰਾਂ ਦੀਆਂ ਪਹਿਲਾਂ ਤੋਂ ਪ੍ਰਵਾਨਤ 20 ਆਸਾਮੀਆਂ ਤੋਂ ਇਲਾਵਾ ਸਰਕਾਰ ਵੱਲੋਂ ਪੱਤਰ ਨੰ.ਸ5-ਡਸਸ-ਮਸਸ2021/31184 ਮਿਤੀ 03.08.2021 ਰਾਹੀਂ ਨਗਰ ਨਿਗਮ ਵਿਖੇ ਡਰਾਇਵਰਾਂ ਦੀਆਂ 30 ਹੋਰ ਆਸਾਮੀਆਂ ਦੀ ਰਚਨਾ ਕੀਤੀ ਗਈ ਹੈ, ਜਿਸ ਨਾਲ ਨਗਰ ਨਿਗਮ ਵਿਖੇ ਡਰਾਇਵਰਾਂ ਦੀਆਂ ਪ੍ਰਵਾਨਤ ਆਸਾਮੀਆਂ ਦੀ ਗਿਣਤੀ 50 ਹੋ ਗਈ ਹੈ। ਸਰਕਾਰ ਵੱਲੋਂ ਪੱਤਰ ਨੰ.ਸ4-ਡਸਸ-ਮਸਸ-2016/29082-254 ਮਿਤੀ 22.06.2016 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਦੀਆਂ ਸ਼ਹਿਰੀ ਸੰਸਥਾਵਾਂ ਵਿਖੇ ਸਫਾਈ ਸੇਵਕਾਂ/ਸੀਵਰਮੈਨਾਂ ਵਿੱਚੋਂ ਬਤੌਰ ਡਰਾਇਵਰਾਂ ਦੀਆਂ ਆਸਾਮੀਆਂ ਭਰਨ ਲਈ ਸਿੱਧੀ ਭਰਤੀ ਦਾ ਕੋਟਾ 80% ਅਤੇ ਪਦਉੱਨਤੀ ਦਾ ਕੋਟਾ 20% ਸਬੰਧਤ ਸ਼ਹਿਰੀ ਸੰਸਥਾਵਾਂ ਵਿਖੇ ਕੰਮ ਕਰਦੇ ਉਨ੍ਹਾਂ ਦਰਜਾ-4 ਕਰਮਚਾਰੀਆਂ ਵਿੱਚੋਂ ਭਰਿਆ ਜਾਣਾ ਹੈ,ਜੋ ਕਿ The Punjab Local Government (Group C) services rules 2001 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਹੈ।<br>***"From amongst Group 'D' employees who have an experience of working as such on either or more of these posts for a minimum period of three years and should have a valid licence for driving heavy vehicals."***<br>ਨਗਰ ਨਿਗਮ ਵਿਖੇ ਡਰਾਇਵਰਾਂ ਦੀਆਂ ਪ੍ਰਵਾਨਤ 50 ਆਸਾਮੀਆਂ ਵਿੱਚੋਂ ਪ੍ਰਮੋਸ਼ਨ ਕੋਟੇ ਦੀਆਂ 20% ਕੋਟੇ ਦੇ ਹਿਸਾਬ ਨਾਲ ਤਰੱਕੀ ਰਾਹੀਂ ਭਰੀਆਂ ਜਾਣ ਵਾਲੀਆਂ ਆਸਾਮੀਆਂ ਦੀ ਗਿਣਤੀ 10 ਬਣਦੀ ਹੈ, ਜਿਹਨਾਂ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

ਵਿੱਚੋਂ 5 ਆਸਾਮੀਆਂ ਪਹਿਲਾਂ ਹੀ ਪਦਉੱਨਤੀ ਰਾਹੀਂ ਭਰੀਆਂ ਜਾ ਚੁੱਕੀਆਂ ਹਨ, ਜਿਹਨਾਂ ਵਿੱਚੋ 1 ਡਰਾਇਵਰ ਸੇਵਾਮੁਕਤ ਹੋ ਚੁੱਕਿਆ ਹੈ। ਇਸ ਤਰ੍ਹਾਂ ਨਗਰ ਨਿਗਮ ਵਿਖੇ ਇਸ ਸਮੇਂ ਤਰੱਕੀ ਕੋਟੇ ਦੀਆਂ ਕੁੱਲ 6 ਆਸਾਮੀਆਂ ਖਾਲੀ ਹਨ। ਇਹਨਾਂ ਖਾਲੀ ਆਸਾਮੀਆਂ ਨੂੰ ਸਰਕਾਰ ਦੀ ਹਦਾਇਤਾਂ ਅਨੁਸਾਰ ਮੈਰਿਟ-ਕਮ-ਸੀਨੀਆਰਤਾ ਦੇ ਆਧਾਰ ਤੇ ਨਗਰ ਨਿਗਮ ਵਿਖੇ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ (ਸਫਾਈ ਸੇਵਕ/ਸੀਵਰਮੈਨਾਂ) ਵਿੱਚੋਂ ਭਰਨ ਲਈ ਯੋਗ ਕਰਮਚਾਰੀਆਂ ਦਾ ਪਤਾ ਲਗਾਉਣ ਲਈ ਮਿਤੀ 09.08.2021 ਨੂੰ ਨਗਰ ਨਿਗਮ ਦੇ ਨੋਟਿਸ ਬੋਰਡ ਤੇ ਇਸ ਸਬੰਧੀ ਨੋਟਿਸ ਚਸਪਾ ਕਰਕੇ ਨਗਰ ਨਿਗਮ ਦੇ ਸਮੂਹ ਦਰਜਾ-4 ਕਰਮਚਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਗਿਆ ਸੀ ਕਿ ਜੋ ਕਰਮਚਾਰੀ ਉਕਤ ਅਨੁਸਾਰ ਯੋਗਤਾ ਪੂਰੀ ਕਰਦੇ ਹਨ, ਉਹ 7 ਦਿਨਾਂ ਦੇ ਅੰਦਰ-ਅੰਦਰ ਆਪਣੀ ਬੇਨਤੀ ਪੱਤਰ ਪੇਸ਼ ਕਰਨ। ਇਸ ਉਪਰੰਤ ਨਗਰ ਨਿਗਮ ਦੇ ਜਿਹਨਾਂ ਕਰਮਚਾਰੀਆਂ ਵੱਲੋਂ ਡਰਾਇਵਰ ਦੀ ਆਸਾਮੀ ਦੀ ਪਦਉੱਨਤੀ ਲਈ ਆਪਣੀ ਦਰਖਾਸਤਾਂ ਦਿੱਤੀਆਂ ਗਈਆਂ ਹਨ ਉਹਨਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ. | ਕਰਮਚਾਰੀ ਦਾ ਨਾਮ ਅਤੇ ਅਹੁਦਾ | ਜਨਮ ਮਿਤੀ | ਨਿਯੁਕਤੀ ਦੀ ਮਿਤੀ | ਡਰਾਇਵਿੰਗ ਲਾਇਸੈਂਸ ਦੀ ਸਥਿਤੀ | ਸੀਨੀਆਰਤਾ ਸੂਚੀ ਅਨੁਸਾਰ ਵਿਦਿਅਕ ਯੋਗਤਾ |
|---|---|---|---|---|---|
| 1 | ਸ਼੍ਰੀ ਧਰਮਪਾਲ, ਸਫਾਈ ਸੇਵਕ ਪੁੱਤਰ ਸ਼੍ਰੀ ਪ੍ਰਕਾਸ਼ | 27.09.1970 | 07.09.1992 | ਟਰਾਂਸਪੋਰਟ ਵਹਿਕਲ ਲਾਇਸੈਂਸ ਹੈ। | - |
| 2 | ਸ਼੍ਰੀ ਚਾਂਦ ਰਾਮ, ਸਫਾਈ ਸੇਵਕ ਪੁੱਤਰ ਸ਼੍ਰੀ ਟਿੱਕਾ ਰਾਮ | 20.04.1971 | 11.09.1992 | ਟਰਾਂਸਪੋਰਟ ਵਹਿਕਲ ਲਾਇਸੈਂਸ ਹੈ। | 9ਵੀ. ਪਾਸ |
| 3 | ਸ਼੍ਰੀ ਭੋਲਾ ਰਾਮ, | 07.04.1980 | 18.08.200 | ਟਰਾਂਸਪੋਰਟ | 7ਵੀ. ਪਾਸ |

| | | | | | | |
|---|---|---|---|---|---|---|
| | ਸਫਾਈ ਸੇਵਕ ਪੁੱਤਰ ਸ੍ਰੀ ਚੰਦੂ ਰਾਮ | | 0 | ਵਹਿਕਲ ਲਾਇਸੈਂਸ ਹੈ। | | 23.01.2020 |
| 4 | ਸ੍ਰੀ ਬਲਜਿੰਦਰ ਕੁਮਾਰ, ਸਫਾਈ ਸੇਵਕ ਪੁੱਤਰ ਸ੍ਰੀ ਓਮ ਪ੍ਰਕਾਸ਼ | 12.12.1969 | 15.10.2001 | ਟਰਾਂਸਪੋਰਟ ਵਹਿਕਲ ਲਾਇਸੈਂਸ ਹੈ। | 8ਵੀ. ਪਾਸ | ਲਾਇਸੈਂਸ ਦੀ ਮਿਤੀ 01.09.2014 |
| 5 | ਸ੍ਰੀ ਗੁਰਦੀਪ ਸਿੰਘ, ਸਫਾਈ ਸੇਵਕ ਪੁੱਤਰ ਸ੍ਰੀ ਸਰੂਪ ਸਿੰਘ | 15.05.1976 | 05.10.2001 | ਟਰਾਂਸਪੋਰਟ ਵਹਿਕਲ ਲਾਇਸੈਂਸ ਹੈ। | 8ਵੀ. ਪਾਸ | ਲਾਇਸੈਂਸ ਦੀ ਮਿਤੀ 08.03.2017 |
| 6 | ਸ੍ਰੀ ਮੁਕੇਸ਼, ਸਫਾਈ ਸੇਵਕ ਪੁੱਤਰ ਸ੍ਰੀ ਸੁਰੇਸ਼ | 14.05.1981 | 14.09.2004 | ਟਰਾਂਸਪੋਰਟ ਵਹਿਕਲ ਲਾਇਸੈਂਸ ਹੈ। | 7ਵੀ. ਪਾਸ | ਲਾਇਸੈਂਸ ਦੀ ਮਿਤੀ 12.11.2021 |
| 7 | ਸ੍ਰੀ ਜਗਦੀਸ਼ ਕੁਮਾਰ, ਸਫਾਈ ਸੇਵਰ ਪੁੱਤਰ ਸ੍ਰੀ ਭਗਵਾਨ ਦਾਸ | 05.10.1976 | 24.09.2004 | ਟਰਾਂਸਪੋਰਟ ਵਹਿਕਲ ਲਾਇਸੈਂਸ ਹੈ। | 9ਵੀ. ਪਾਸ | ਲਾਇਸੈਂਸ ਦੀ ਮਿਤੀ 22.10.2018 |

ਨਗਰ ਨਿਗਮ ਵਿਖੇ ਮੌਜੂਦ ਰਿਕਾਰਡ ਅਨੁਸਾਰ ਉਕਤ ਕਰਮਚਾਰੀਆਂ ਦਾ ਕੰਮ ਤਸੱਲੀਬਖਸ਼ ਹੈ ਅਤੇ ਇਹਨਾਂ ਦੇ ਵਿਰੁੱਧ ਕੋਈ ਵਿਭਾਗੀ ਜਾਂ ਚੌਕਸੀ ਕਾਰਵਾਈ ਲੰਬਤ ਨਹੀਂ ਹੈ। ਇਸ ਲਈ ਇਹਨਾਂ ਨੂੰ ਬਤੌਰ ਡਰਾਇਵਰ ਪਦਉੱਨਤ ਕਰਨ ਲਈ ਵਿਚਾਰਨਾ ਉਚਿੱਤ ਹੋਵੇਗਾ।

ਇਸ ਲਈ 06 ਖਾਲੀ ਡਰਾਇਵਰਾਂ ਦੀਆਂ ਅਸਾਮੀਆਂ ਤੇ ਇਨ੍ਹਾਂ 07 ਕਰਮਚਾਰੀਆਂ ਵਿੱਚੋਂ ਲੜੀ ਨੰ.

| | | | | |
|---|---|---|---|---|
| | | | 01 ਤੋਂ 06 ਦਰਜ ਕਰਮਚਾਰੀਆਂ ਨੂੰ ਸਫਾਈ ਸੇਵਕ ਤੋਂ ਬਤੌਰ ਡਰਾਇਵਰ ਪਦਉਨਤ ਕਰਨ ਲਈ ਕੇਸ/ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੇ ਵਿਚਾਰਨ/ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 9) | 86 | 04-01-2022 | **ਸ੍ਰੀਮਤੀ ਰਵਿੰਦਰ ਕੌਰ ਪੁੱਤਰੀ ਸ੍ਰੀ ਰੋਬਿਨ ਧਵਨ ਅਤੇ ਸ੍ਰੀ ਕਮਲ ਕੁਮਾਰ ਪੁੱਤਰ ਸ਼੍ਰੀ ਸ਼ਾਮ ਸਿੰਘ, ਅਪੰਗ ਸਫਾਈ ਸੇਵਕ, ਨਗਰ ਨਿਗਮ , ਲੁਧਿਆਣਾ ਦੀ ਬਦਲੀ ਨਗਰ ਨਿਗਮ, ਮੋਹਾਲੀ ਵਿਖੇ ਕਰਨ ਸਬੰਧੀ ।**<br><br>ਰਿਪੋਰਟ ਸੈਨੀਟੇਸ੍ਨ ਸਾਖਾ ਕਿ ਵਿÔ ਦੇ ਸਬੰਧ ਵਿੱਚ ਬੇਨਤੀ ਹੈ ਕਿ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ ਜੀ ਵੱਲੋਂ ਪੱਤਰ ਨੰ: ਭਰਤੀ ਸੈਲ-ਡਸਸ-2021ਜ51 ਮਿਤੀ: 16.12.2021 ਰਾਹੀਂ ਸ੍ਰੀਮਤੀ ਰਵਿੰਦਰ ਕੌਰ ਪੁੱਤਰੀ ਸ੍ਰੀ ਰੋਬਿਨ ਧਵਨ ਅਤੇ ਸ੍ਰੀ ਕਮਲ ਕੁਮਾਰ ਪੁੱਤਰ Ô੍ਰੀ Ôਾਮ ਸਿੰਘ, ਅਪੰਗ ਸਫਾਈ ਸੇਵਕ, ਨਗਰ ਨਿਗਮ , ਲੁਧਿਆਣਾ ਦੀ ਬਦਲੀ ਨਗਰ ਨਿਗਮ ਮੋਹਾਲੀ ਵਿਖੇ ਕਰਦੇ ਹੋਏ ਲਿਖਿਆ ਗਿਆ ਹੈ ਕਿ ਇਹਨਾਂ ਕਰਮਚਾਰੀਆਂਜ ਕਰਮਚਾਰਣਾਂ ਦੀ ਬਦਲੀ ਇਸ ਸ਼ਰਤ ਤੇ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਕਿ ਇਸ ਬਦਲੀ ਦੀ ਕਾਰਜ ਬਾਅਦ ਪ੍ਰਵਾਨਗੀ ਮਤੇ ਦੇ ਰੂਪ ਵਿੱਚ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਹਨਾਂ ਕਰਮਚਾਰੀਆਂ ਜਕਰਮਚਾਰਣਾਂ ਨੂੰ ਤੁਰੰਤ ਜੁਆਇੰਨ ਕਰਵਾਇਆ ਜਾਵੇ ।<br>ਇਸ ਸਬੰਧੀ ਦੱਸਣਯੋਗ ਹੈ ਕਿ ਸਫਾਈ ਕਰਮਚਾਰੀ ਦਰਜਾ-4 ਦੀ ਗੈਰ ਪ੍ਰਾਂਤੀਕਰਨ ਆਸਾਮੀ ਹੈ, ਜਿਸ ਦੀ ਨਿਯੁਕਤੀ ਕਰਤਾ ਅਥਾਰਟੀ ਨਗਰ ਨਿਗਮ ਹੈ । ਇਸ ਲਈ ਇਹਨਾਂ ਕਰਮਚਾਰੀਆਂ ਦੀ ਬਦਲੀ ਨਗਰ ਨਿਗਮ, ਲੁਧਿਆਣਾ ਤੋਂ ਇਸ ਨਗਰ ਨਿਗਮ ਵਿਖੇ ਹੋਣ ਸਬੰਧੀ ਕਾਰਜ ਬਾਅਦ ਪ੍ਰਵਾਨਗੀ ਲਈ ਕੇਸ ਨਗਰ ਨਿਗਮ ਦੇ ਹਾਊਸ ਮੀਟਿੰਗ ਵਿੱਚ ਪੇÔ ਕਰਨਾ ਬਣਦਾ ਹੈ ।<br>ਇੱਥੇ ਆਪ ਜੀ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਮਾਨਯੋਗ ਕਮਿਸਨਰ, ਨਗਰ ਨਿਗਮ, ਲੁਧਿਆਣਾ ਜੀ ਵੱਲੋਂ ਪਿੱਠ ਅੰਕਣ ਨੰ: 579ਜ ਐਮ.ਓ.ਈ.ਡੀ ਮਿਤੀ: 22.12.2021 ਰਾਹੀਂ ਸ੍ਰੀਮਤੀ ਰਵਿੰਦਰ ਕੌਰ ਪੁੱਤਰੀ ਸ੍ਰੀ ਰੋਬਿਨ ਧਵਨ, ਸਫਾਈ ਸੇਵਕ ਅਤੇ ਸ੍ਰੀ ਕਮਲ ਕੁਮਾਰ ਪੁੱਤਰ Ô੍ਰੀ Ôਾਮ ਸਿੰਘ, ਸਫਾਈ ਸੇਵਕ ਨੂੰ ਮਿਤੀ: 22.12.2021 ਨੂੰ ਰਲੀਵ ਕਰ ਦਿੱਤਾ ਗਿਆ ਸੀ ਅਤੇ ਦੋਵੇਂ ਉੱਕਤ ਕਰਮਚਾਰੀਆਂ ਵੱਲੋਂ ਮਿਤੀ: 23.12.2021 ਨੂੰ ਬਾਅਦ ਦੁਪਹਿਰ ਇਸ ਨਗਰ ਨਿਗਮ ਵਿਖੇ ਆਪਣੀ ਹਾਜਰੀ ਰਿਪੋਰਟ ਪੇÔ ਕਰ ਦਿੱਤੀ ਸੀ। ਇਸ ਲਈ ਕੇਸ ਮਾਨਯੋਗ ਕਮਿÔਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰ ਹਿੱਤ ਪੇÔ ਹੈ ਜੀ ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |
| 10) | 87 | 04-01-2022 | **R/C estimate for improvement of Infrastructure in Ph-07 Market. (E/C- 60.39)**<br><br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਅਧੀਨ ਕੰਮ ਇਸ ਦਫਤਰ ਦੇ ਵਰਕ ਦੇ ਆਰਡਰ ਨੰ 381 ਮਿਤੀ 10/08/2020 ਰਾਹੀਂ Arbans Co-Op L&C Society ਨੂੰ ਅਲਾਟ ਕੀਤਾ ਗਿਆ ਸੀ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਉਕਤ ਕੰਮ ਫੇਜ-7 ਮਾਰਕੀਟ ਦੀ ਨਵੀਨੀਕਰਨ ਨਾਲ ਸਬੰਧਤ ਹੈ। ਲੋਕਾਂ ਦੀ ਮੰਗ ਅਤੇ | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਸਬੰਧਤ ਵਾਰਡ ਦੇ ਮਿਉਂਸਪਲ ਕੌਂਸਲਰ ਵੱਲੋਂ ਤੇ ਪੇਵਰ ਬਲਾਕਸ, ਗਰੀਲਜ਼, ਐਚ.ਡੀ.ਪੀ.ਈ. ਪਾਈਪ ਆਦਿ ਦਾ ਹੋਰ ਕੰਮ ਕਰਵਾਇਆ ਗਿਆ ਹੈ। ਜਿਸ ਕਾਰਨ ਇਹ ਤਖਮੀਨਾ ਅਲਾਟਡ ਰਕਮ ਤੋਂ 25% ਵੱਧ ਗਿਆ ਹੈ। ਇਸ ਲਈ ਇਸ ਕੰਮ ਨੂੰ ਅਲਾਟਡ ਰਕਮ ਤੋਂ 25 ਪ੍ਰਤੀਸ਼ਤ ਵਧਾਉਣ ਲਈ ਕੰਮ ਹਾਊਸ ਦੀ ਸਨਮੁੱਖ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 11) | 88 | 04-01-2022 | **<u>R/C Estimate for construction of ramp & other repair works in Shri. Guru Har Rai Sahib Complex Sec-67, ward no. 25, Mohali.(29.37)</u>**<br>ਰਿਪੋਰਟ ਇੰਜ: ਸ਼ਾਖਾ ਕਿ ਕੰਮ ਨੂੰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 76(58) ਮਿਤੀ 09-07-2021 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ। ਇਹ ਕੰਮ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82 (3) ਅਧੀਨ ਕਰਵਾਇਆ ਜਾਣਾ ਹੈ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਦੇ ਪੱਤਰ ਨੰਬਰ ਸ5-ਡਸਸ-ਮਸਸ-2021/48027 ਮਿਤੀ 10-12-2021 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਕੰਮ ਤੇ ਆਉਣ ਵਾਲੇ 29.37 ਲੱਖ ਰੁਪਏ ਦੇ ਖਰਚੇ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82 (3) ਅਧੀਨ ਨਗਰ ਨਿਗਮ ਦੇ ਫੰਡ ਤੇ ਫਿਟ ਚਾਰਜ ਘੋਸਿਤ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਸ ਤਜਵੀਜ ਨੂੰ ਨਗਰ ਨਿਗਮ ਦੇ ਜਨਰਲ ਹਾਊਸ ਦੀ ਆਗਾਮੀ ਮੀਟਿੰਗ ਵਿੱਚ ਪ੍ਰਵਾਨ ਕਰਵਾ ਲਿਆ ਜਾਵੇ। ਇਸ ਲਈ ਉਕਤ ਕੰਮ ਨਗਰ ਨਿਗਮ ਦੇ ਜਨਰਲ ਹਾਊਸ ਵਿੱਚ ਪ੍ਰਵਾਨ ਕਰਵਾਉਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 12) | 89 | 04-01-2022 | **<u>P/L of 60mm thick paver block in Pancham Society Sector-68, Mohali (22.00lacs).</u>**<br>ਰਿਪੋਰਟ ਇੰਜ: ਸ਼ਾਖਾ ਕਿ ਕੰਮ ਨੂੰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 367 (114) ਮਿਤੀ 18-11-2021 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ। ਇਹ ਕੰਮ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82 (3) ਅਧੀਨ ਕਰਵਾਇਆ ਜਾਣਾ ਹੈ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਪੰਜਾਬ ਜੀ ਦੇ ਪੱਤਰ ਨੰਬਰ ਸ5-ਡਸਸ-ਮਸਸ-2021/48908 ਮਿਤੀ 16-12-2021 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਕੰਮ ਤੇ ਆਉਣ ਵਾਲੇ 22.00 ਲੱਖ ਰੁਪਏ ਦੇ ਖਰਚੇ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82 (3) ਅਧੀਨ ਨਗਰ ਨਿਗਮ ਦੇ ਫੰਡ ਤੇ ਫਿਟ ਚਾਰਜ ਘੋਸਿਤ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਸ ਤਜਵੀਜ ਨੂੰ ਨਗਰ ਨਿਗਮ ਦੇ ਜਨਰਲ ਹਾਊਸ ਦੀ ਆਗਾਮੀ ਮੀਟਿੰਗ ਵਿੱਚ ਪ੍ਰਵਾਨ ਕਰਵਾ ਲਿਆ ਜਾਵੇ। ਇਸ ਲਈ ਉਕਤ ਕੰਮ ਨਗਰ ਨਿਗਮ ਦੇ ਜਨਰਲ ਹਾਉਸ ਵਿੱਚ ਪ੍ਰਵਾਨ ਕਰਵਾਉਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 13) | 90 | 04-01-2022 | **<u>ਨਗਰ ਨਿਗਮ ਦੀ ਹਦੂਦ ਅੰਦਰ ਪੈਂਦੀਆਂ ਸੁਸਾਇਟੀਆਂ ਦੇ ਕੰਮਾਂ ਦੇ ਤਖਮੀਨੇ ਪ੍ਰਵਾਨ ਕਰਨ ਸਬੰਧੀ।</u>**<br><br>**1) P/F of I/tiles in Shir Guru Teg Bhadur Co. op House building Society Ward no. 9, Sec-70. (E/C- 10.47 lacs)**<br><br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਅਧੀਨ ਕੰਮ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ 344 (55) ਮਿਤੀ 29-10-2021 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ। ਉਕਤ ਤਖਮੀਨੇ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ. 328 ਮਿਤੀ 24-11-2021 ਨੂੰ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਨੂੰ ਉਕਤ ਕੰਮ ਕਰਵਾਉਣ ਲਈ ਮਿਉਂਸਪਲ ਐਕਟ 1976 ਦੀ ਧਾਰਾ 82(3) ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਇਸ ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ. ਸ5-ਡਸਸ-ਮਸਸ-2021/49305 ਮਿਤੀ 21-12-2021 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਕੰਮ ਤੇ ਆਉਣ ਵਾਲੇ ਖਰਚੇ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਨਗਰ ਨਗਮ ਦੇ ਫੰਡ ਤੇ ਫਿਟ ਚਾਰਜ ਘੋਸ਼ਿਤ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਸ ਤਜਵੀਜ ਨੂੰ ਨਗਰ ਨਿਗਮ ਦੇ ਜਨਰਲ ਹਾਊਸ ਦੀ ਆਗਾਮੀ ਮੀਟਿੰਗ ਵਿੱਚ ਪ੍ਰਵਾਨ ਕਰਵਾ ਲਿਆ ਜਾਵੇ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| 14) | 91 | 04-01-2022 | **<u>Rough Cost estimate for Construction of UGSR at Ind. area phase-8b, S.A.S Nagar (Mohali) (E. Cost= 197.85 lacs)</u>**<br>ਰਿਪੋਰਟ ਇੰਜ: ਸ਼ਾਖਾ (O&M) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ 20 ਐਮ.ਜੀ.ਡੀ ਨਹਿਰੀ ਪਾਣੀ ਦੀ ਸਪਲਾਈ ਹੋਰ ਆ ਰਹੀ ਹੈ। ਇਸ ਸਮੇਂ ਇੰਡ. ਏਰੀਆ ਫੇਜ- 8ਏ ਅਤੇ 8ਬੀ ਵਿੱਚ ਟਿਊਬਵੈਲਾਂ ਰਾਹੀਂ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ। ਇਸ ਏਰੀਏ ਨੂੰ ਨਹਿਰੀ ਪਾਣੀ ਦੀ ਸਪਲਾਈ ਦੇਣ ਲਈ UGSR ਦੀ ਉਸਾਰੀ ਕਰਨ ਲਈ ਵਿਸ਼ੇ ਅਧੀਨ ਤਖਮੀਨਾਂ ਤਿਆਰ ਕੀਤਾ ਗਿਆ ਹੈ। ਇਸ ਕੰਮ ਦੀ ਤਕਨੀਕੀ ਪ੍ਰਵਾਨਗੀ ਲੈਣ ਲਈ ਇਸ ਦਫਤਰ ਵੱਲੋਂ ਪੱਤਰ ਨੰ: 378 ਮਿਤੀ 20-12-2021 ਰਾਹੀਂ ਚੀਫ ਇੰਜੀਨੀਅਰ (ਓ.ਐਡ.ਐਮ), ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੂੰ ਤਕਨੀਕੀ ਪ੍ਰਵਾਨਗੀ ਦੇਣ ਹਿੱਤ ਲਿਖਿਆ ਗਿਆ ਹੈ ਜੋ ਕਿ ਅਜੇ ਤੱਕ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੋਈ ਹੈ। ਵਿਸ਼ੇ ਅਧੀਨ ਕੰਮ ਦੀ ਪ੍ਰਸਾਸ਼ਕੀ ਪ੍ਰਵਾਨਗੀ ਹਾਊਸ ਵੱਲੋਂ ਦਿੱਤੀ ਜਾਣੀ ਹੈ। ਇਸ ਲਈ ਉਕਤ ਕੰਮ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ (ਓ.ਐਡ.ਐਮ) ਵੱਲੋਂ ਪ੍ਰਾਪਤ ਹੋਣ ਦੀ ਆਸ ਵਿੱਚ ਕੇਸ ਵਿਚਾਰ ਹਿੱਤ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਭੇਜਣਾ ਵਾਜਿਬ ਹੋਵੇਗਾ। ਉਕਤ ਕੰਮ ਦੇ ਟੈਂਡਰ ਤਕਨੀਕੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਲਗਾਏ ਜਾਣਗੇ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 15) | 92 | 04-01-2022 | **<u>Rough Cost estimate development of pond in village Sohana back side govt. girls school including 2 year operation and maintenance by M.C, S.A.S Nagar (Mohali) (E. Cost= 105.73 lacs)</u>**<br>ਰਿਪੋਰਟ ਇੰਜ: ਸ਼ਾਖਾ (O&M) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ OA no. 325/2015 ਰਾਹੀਂ water bodies (ponds ) ਨੂੰ Restoration/Rejuvenation ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਸਬੰਧੀ ਦੱਸਿਆਂ ਜਾਂਦਾ ਹੈ ਕਿ ਨਗਰ ਨਿਗਮ ਦੀ ਹਦੂਦ ਅੰਦਰ ਪੈਂਦੇ ਪਿੰਡ ਸੋਹਾਣਾ ਅੰਦਰ ਦੋ Ponds ਹਨ ਜਿੰਨ੍ਹਾਂ ਵਿੱਚੋਂ ਇਕ Pond village Sohana back side govt. girls | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | school ਵਿਖੇ ਪੈਂਦਾ ਹੈ, ਜਿਸਨੂੰ Rejuvenation ਕਰਨ ਲਈ ਵਿਸ਼ੇ ਅਧੀਨ ਤਖਮੀਨਾਂ ਤਿਆਰ ਕੀਤਾ ਗਿਆ ਹੈ। ਉਕਤ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲੈਣ ਲਈ ਇਸ ਦਫਤਰ ਵੱਲੋਂ ਪੱਤਰ ਨੰ: 1206 ਮਿਤੀ 16-11-2021 ਰਾਹੀਂ ਚੀਫ ਇੰਜੀਨੀਅਰ (ਓ.ਐਡ.ਐਮ), ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੂੰ ਤਕਨੀਕੀ ਪ੍ਰਵਾਨਗੀ ਦੇਣ ਹਿੱਤ ਲਿਖਿਆ ਗਿਆ ਹੈ ਜੋ ਕਿ ਅਜੇ ਤੱਕ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੋਈ ਹੈ। ਵਿਸ਼ੇ ਅਧੀਨ ਕੰਮ ਦੀ ਪ੍ਰਸਾਸ਼ਕੀ ਪ੍ਰਵਾਨਗੀ ਹਾਊਸ ਵੱਲੋਂ ਦਿੱਤੀ ਜਾਣੀ ਹੈ। ਇਸ ਲਈ ਉਕਤ ਕੰਮ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ (ਓ.ਐਡ.ਐਮ) ਵੱਲੋਂ ਪ੍ਰਾਪਤ ਹੋਣ ਦੀ ਆਸ ਵਿੱਚ ਕੇਸ ਵਿਚਾਰ ਹਿੱਤ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਭੇਜਣਾ ਵਾਜਿਬ ਹੋਵੇਗਾ। ਉਕਤ ਕੰਮ ਦੇ ਟੈਂਡਰ ਤਕਨੀਕੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਲਗਾਏ ਜਾਣਗੇ।<br><br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 16) | 93 | 04-01-2022 | **Rough Cost estimate development of pond in village Sohana near Shiv Mandir including 2 year operation and maintenance by M.C, S.A.S Nagar (Mohali) (E. Cost= 121.14 lacs)**<br><br>ਰਿਪੋਰਟ ਇੰਜ: ਸ਼ਾਖਾ (O&M) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ OA no. 325/2015 ਰਾਹੀਂ water bodies (ponds ) ਨੂੰ Restoration/Rejuvenation ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਸਬੰਧੀ ਦੱਸਿਆਂ ਜਾਂਦਾ ਹੈ ਕਿ ਨਗਰ ਨਿਗਮ ਦੀ ਹਦੂਦ ਅੰਦਰ ਪੈਂਦੇ ਪਿੰਡ ਸੋਹਾਣਾ ਅੰਦਰ ਦੋ Ponds ਹਨ ਜਿੰਨ੍ਹਾਂ ਵਿੱਚੋਂ ਇਕ Pond village Sohana near Shiv Mandir ਵਿਖੇ ਪੈਂਦਾ ਹੈ, ਜਿਸਨੂੰ Rejuvenation ਕਰਨ ਲਈ ਵਿਸ਼ੇ ਅਧੀਨ ਤਖਮੀਨਾਂ ਤਿਆਰ ਕੀਤਾ ਗਿਆ ਹੈ। ਉਕਤ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲੈਣ ਲਈ ਇਸ ਦਫਤਰ ਵੱਲੋਂ ਪੱਤਰ ਨੰ: 1206 ਮਿਤੀ 16-11-2021 ਰਾਹੀਂ ਚੀਫ ਇੰਜੀਨੀਅਰ (ਓ.ਐਡ.ਐਮ), ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੂੰ ਤਕਨੀਕੀ ਪ੍ਰਵਾਨਗੀ ਦੇਣ ਹਿੱਤ ਲਿਖਿਆ ਗਿਆ ਹੈ ਜੋ ਕਿ ਅਜੇ ਤੱਕ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੋਈ ਹੈ। ਵਿਸ਼ੇ ਅਧੀਨ ਕੰਮ ਦੀ ਪ੍ਰਸਾਸ਼ਕੀ ਪ੍ਰਵਾਨਗੀ ਹਾਊਸ ਵੱਲੋਂ ਦਿੱਤੀ ਜਾਣੀ ਹੈ। ਇਸ ਲਈ ਉਕਤ ਕੰਮ ਦੀ ਤਕਨੀਕੀ ਪ੍ਰਵਾਨਗੀ ਚੀਫ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਇੰਜੀਨੀਅਰ (ਓ.ਐਡ.ਐਮ) ਵੱਲੋਂ ਪ੍ਰਾਪਤ ਹੋਣ ਦੀ ਆਸ ਵਿੱਚ ਕੇਸ ਵਿਚਾਰ ਹਿੱਤ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਭੇਜਣਾ ਵਾਜਿਬ ਹੋਵੇਗਾ। ਉਕਤ ਕੰਮ ਦੇ ਟੈਂਡਰ ਤਕਨੀਕੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਲਗਾਏ ਜਾਣਗੇ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 17) | 94 | 04-01-2022 | **<u>Energy saving project for Tube well and Boosting pump stations for area maintained by MC, S.A.S Nagar.</u>**<br><br>ਰਿਪੋਰਟ ਇੰਜ: ਸਾਖਾ (O&M) ਕਿ ਵਿਸ਼ੇ ਸਬੰਧੀ Intact power solutions ਵੱਲੋਂ ਆਪਣੇ Ref. no. IPS/21-22/148 ਮਿਤੀ 17-05-2021 ਰਾਹੀਂ Energy saving project for Tube well and Boosting pump stations ਲਈ ਪ੍ਰਪੋਜਲ ਸਬਮਿਟ ਕੀਤੀ ਗਈ ਸੀ। ਜਿਸ ਵਿੱਚ ਉਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ **“The Electricity costs for running the 65 motors under this study with the exiting setup are estimated to be INR 5.5-6.0 crore. The installation of energy-saving drives and equipment can save approximately 15-20% of the electricity costs.**<br>**We propose to install the energy saving equipment at all the 65 motors free of cost and recover our investments from the larger share of annual savings of the electricity costs over the next 10-15 years. This is a zero risk/assured return doubly favorable proposition as it entails no upfront costs to the department and will provide additional revenue from the share in annual savings of electricity bills, which could be used for the other development work of the department.**<br>**We also agree to undertake AMC of Existing Motors/Pump Set on existing rates (per BHP) which will benefit the department by entrusting a single agency for the smooth and efficient running of motors"**<br>ਇਸ ਦੀ ਚੱਲਤ ਵਿੱਚ ਇਸ ਦਫਤਰ ਵੱਲੋਂ ਹੇਠ ਲਿਖੇ ਅਨੁਸਾਰ ਵਿਚਾਰ ਕਰਨ ਲਈ ਤਜਵੀਜ ਪੇਸ਼ ਕੀਤੀ ਗਈ ਸੀ:-<br>ਵਾਟਰ ਵਰਕਸ ਸੈਕਟਰ-69 ਵਿਖੇ UGSR ਤੋਂ OHSR ਅਤੇ ਇਸ ਸੈਕਟਰ ਵਿੱਚ ਪਾਣੀ ਦੀ ਸਪਲਾਈ/ਪੰਪਿੰਗ ਲਈ 50 ਐਚ.ਪੀ ਦੀ 6 centrifugal motors ਅਤੇ 60 ਐਚ.ਪੀ ਦੀ 2 Submersible motors ਲੱਗੀਆਂ ਹੋਈਆਂ ਹਨ, ਜਿਸ ਲਈ 331 kw ਦਾ ਬਿਜਲੀ ਕੁਨੈਕਸ਼ਨ ਲਿਆ ਹੋਇਆ ਹੈ। ਇਸ ਲਈ Intact Power Solutions ਵੱਲੋਂ ਦਿੱਤਾ ਪ੍ਰੋਜੈਕਟ ਇਸ ਵਾਟਰ ਵਰਕਸ ਤੇ ਟਰਾਇਲ ਕਰਨ ਤੇ ਵਿਚਾਰ ਕੀਤਾ ਜਾ ਸਕਦਾ ਹੈ।<br>ਇਸ ਤਜਵੀਜ ਦੀ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 08-06-2021 ਨੂੰ | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

ਪ੍ਰਵਾਨਗੀ ਦਿੱਤੀ ਗਈ ਸੀ।

ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ Intact Power Solutions ਨੂੰ ਪੱਤਰ ਨੰ: 566 ਮਿਤੀ 09-06-2021 ਰਾਹੀਂ ਲਿਖਿਆ ਗਿਆ ਸੀ। ਜਿਸ ਦੀ ਚੱਲਤ ਵਿੱਚ Intact Power Solutions ਵੱਲੋਂ ਸੈਕਟਰ-69 ਵਾਟਰ ਵਰਕਸ ਤੇ VFD Panels for energy saving ਮਿਤੀ 18-07-2021 ਨੂੰ ਇੰਸਟਾਲ ਕੀਤੇ ਗਏ ਸੀ। ਇਹ Instrument ਲਗਾਉਣ ਉਪਰੰਤ ਜੋ energy saving ਰਿਕਾਰਡ ਕੀਤੀ ਗਈ ਹੈ ਉਸ ਦਾ ਪਿਛਲੇ 6 ਮਹੀਨੇ ਦਾ ਤੁਲਨਾਤਮਕ ਮੁਲਾਕਣ ਹੇਠ ਲਿਖੇ ਅਨੁਸਾਰ ਹੈ:-

**ABSTRACT (2021-22)**

| Billing Period | | Days | old reading (KVAH) | new reading (KVAH) | difference | over all multiplier | total consumption | per day consumption | days | per month | avg 3 month | saving per month (%) |
|---|---|---|---|---|---|---|---|---|---|---|---|---|
| 19/12/2020 | 21/01/2021 | 33 | 843515 | 853434 | 9919 | 6 | 59514 | 1803.45455 | 30 | 54103.6364 | | |
| | | | | | | | | | | | | |
| 21/01/2021 | 14/02/2021 | 24 | 853434 | 860408 | 6974 | 6 | 41844 | 1743.5 | 30 | 52305 | | |
| | | | | | | | | | | | | |
| | | | | | | | | | | | | |
| 14/02/2021 | 20/03/2021 | 34 | 860408 | 871018 | 10610 | 6 | 63660 | 1872.35294 | 30 | 56170.58 | | |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | 82 | | |
| | | | | | | | | | | | | |
| 20/03/2021 | 21/04/2021 | 32 | 871018 | 880155 | 9137 | 6 | 54822 | 1713.1875 | 30 | 51395.625 | | |
| | | | | | | | | | | | | |
| 21/04/2021 | 21/05/2021 | 30 | 880155 | 890103 | 9948 | 6 | 59688 | 1989.6 | 30 | 59688 | | |
| | | | | | | | | | | | | |
| 21/05/2021 | 31/05/2021 | 10 | 890103 | 894093 | 3990 | 6 | 23940 | 2394 | 30 | 71820 | | |
| | | | | | | | | | | | | |
| 31/05/2021 | 20/06/2021 | 20 | 894093 | 898783 | 4690 | 6 | 28140 | 1407 | 30 | 42210 | 55767.8571 | |
| | | | | | | | | | | | | |
| 20/06/2021 | 18/07/2021 | 28 | 898783 | 907070 | 8287 | 6 | 49722 | 1775.78571 | 30 | 53273.5714 | | |
| | | | | | | | | | | | | 27.93 |
| | | | | | | | | | | | | |
| 18/07/2021 | 20/08/2021 | 33 | 907070 | 914475 | 7405 | 6 | 44430 | 1346.36364 | 30 | 40390.9091 | 40190.61 | |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | |
| 20/08/2021 | 21/09/2021 | 32 | 914475 | 921602 | 7127 | 6 | 42762 | 1336.3125 | 30 | 40089.375 | | |
| **SAVING (%)** | | | | | | | | | | | | |
| | | | | | | | | | | | | |
| | | | | | | | | | | | | |
| 21/09/2021 | 17/10/2021 | 26 | 921602 | 927393 | 5791 | 6 | 34746 | 1336.38462 | 30 | 40091.5385 | | |
| **SAVING (%)** | | | | | | | | | | | | |

ਉਪਰੋਕਤ ਤੁਲਨਾਤਮਕ ਰਿਪੋਰਟ ਅਨੁਸਾਰ ਬਿਜਲੀ ਦੀ ਕੁੱਲ ਬਚਤ ਲਗਭਗ 27.93% ਬਣਦੀ ਹੈ। ਜਿਸ ਅਨੁਸਾਰ ਪ੍ਰਤੀ ਮਹੀਨਾਂ 94,240/- ਰੁਪਏ ਅਤੇ ਸਲ੍ਹਾਨਾਂ ਲਗਭਗ 11,30,890/- ਰੁਪਏ ਦੀ ਬੱਚਤ ਹੁੰਦੀ ਹੈ।

ਇਸ ਸਬੰਧੀ Intact Power Solutions ਵੱਲੋਂ ਪੱਤਰ ਨੰ: IPS30112021250 ਮਿਤੀ 30-11-2021 ਰਾਹੀਂ ਲਿਖਿਆ ਗਿਆ ਹੈ ਕਿ:-

"We have installed and commissioned our Energy Saving Equipment's on 18th July 2021 and all the motors are running successfully since installations of our devices.

With reference to the Electricity Bill historical data and bills post installation of Energy Saving equipment's we have observed that approximately 28% energy saving is coming in Water Works Sector-60 Mohali with the installations or our Energy Saving

| | | | | |
|---|---|---|---|---|
| | | | Equipment's.<br>We have also observed that with the installations of our equipment's maintenance/failures of your machinery is reduced and the heavy equipment's like Motors/Pumps/Transformer/DG are running more smoothly and major problem due to Water hammering like NRV Failure/Bearing Failure is completely reduced.<br>Keeping in View to our huge investments (Capital/interest/Maintenance) in this project which successfully undergone the trial period of 4 months we humbly request your esteemed office that our of 28% saving amount from electricity bills we should be awarded with lion's share of savings in the ratio 80%:20%: for the period of 10 years from the date of agreement OR in the ratio of 70%:30% for the period of 15 years from the date of agreement.<br>We also request you to allow us to do complete operation and maintenance (with same ongoing rates) of you Water Works along with this project where anyhow we are doing maintenance of our Energy Saving Panels so that we can make this Water Works running more efficiently and trouble free and bring more savings for the department"<br>Intact Power Solutions ਵੱਲੋਂ Energy Saving Instruments ਲਗਾਉਣ ਉਪਰੰਤ ਉਪਰੋਕਤ ਟੇਬਲ ਅਨੁਸਾਰ ਬਿਜਲੀ ਦੇ ਬਿੱਲਾਂ ਵਿੱਚ ਲਗਭਗ ਜੋ 27.93% Saving ਆਈ ਹੈ। Intact Power Solutions ਵੱਲੋਂ ਆਪਣੇ ਪੱਤਰ ਨੰ: IPS30112021250 ਮਿਤੀ 30-11-2021 ਰਾਹੀਂ ਬਿਜਲੀ ਦੇ ਬਿੱਲਾਂ ਵਿੱਚ ਹੋਣ ਵਾਲੀ ਅੰਦਾਜਣ 28% Saving ਸੰਬਧੀ ਬੇਨਤੀ ਕੀਤੀ ਗਈ ਹੈ ਕਿ ਜੇਕਰ Intact Power Solutions ਨਾਲ ਇਸ ਕੰਮ ਦਾ 10 ਸਾਲ ਦਾ ਐਗਰੀਮੈਂਟ ਕੀਤਾ ਜਾਂਦਾ ਹੈ ਤਾਂ 80%:20% ਅਤੇ ਜੇਕਰ 15 ਸਾਲ ਦਾ ਐਗਰੀਮੈਂਟ ਕੀਤਾ ਜਾਂਦਾ ਹੈ ਤਾਂ 70%:30% Saving Cost Sharing ਲਈ ਸਹਿਮਤੀ ਦਿੱਤੀ ਗਈ ਹੈ।ਇਸ ਤੋਂ ਇਲਾਵਾ ਏਜ਼ੰਸੀ ਵੱਲੋਂ ਵਾਟਰ ਵਰਕਸ ਦੀ ਮੇਨਟੀਨੇਸ਼ ਦੀ ਵੀ ਮੰਗ ਕੀਤੀ ਗਈ ਹੈ।<br>ਉਪਰੋਕਤ ਦੇ ਮੱਦੇਨਜ਼ਰ ਇਹ ਦੱਸਿਆ ਜਾਂਦਾ ਹੈ ਕਿ Intact Power Solutions ਵੱਲੋਂ ਵਾਟਰ ਵਰਕਸ, ਸੈਕਟਰ-69 ਵਿਖੇ ਜੋ Energy Saving Instruments ਲਗਾਏ ਗਏ ਸਨ, ਇਨ੍ਹਾਂ Instruments ਦੇ ਲੱਗਣ ਉਪਰੰਤ ਵਾਟਰ ਵਰਕਸ ਤੇ ਬਿਜਲੀ ਦੀ ਖਪਤ ਵਿੱਚ ਲਗਭਗ 27.93% ਦੀ ਬਚਤ ਨੋਟ ਕੀਤੀ ਗਈ ਹੈ। ਜਿਸ ਨਾਲ ਪ੍ਰਤੀ ਮਹੀਨਾਂ ਬਿਜਲੀ ਦੇ ਬਿੱਲਾਂ ਵਿੱਚ ਔਸਤਨ 94,240/- ਰੁਪਏ ਦੀ ਬਚਤ ਦਰਜ ਕੀਤੀ ਗਈ ਹੈ।<br>ਉਪਰੋਕਤ ਅਨੁਸਾਰ ਜੇਕਰ ਇਸ ਕੰਮ ਦਾ 15 ਸਾਲ ਦਾ ਐਗਰੀਮੈਂਟ ਕੀਤਾ ਜਾਂਦਾ ਹੈ ਤਾਂ 70%:30% Saving Cost Sharing ਕਰਨਾ ਨਗਰ ਨਿਗਮ ਦੇ ਹਿੱਤ ਵਿੱਚ ਹੋਵੇਗਾ। ਇਹ ਕੰਮ ਟੈਂਡਰ ਕਾਲ ਕਰਨ ਉਪਰੰਤ ਅਲਾਟ ਕਰਨਾ ਵਾਜਿਬ ਹੋਵੇਗਾ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | |

| | | | | |
|---|---|---|---|---|
| 18) | 95 | 04-01-2022 | **<u>Development of park front of # 2161, ph-7 ਸਬੰਧੀ।</u>**<br><br>ਰਿਪੋਰਟ ਇੰਜ: ਸਾਖਾ ਕਿ ਵਿਸੇ ਸਬੰਧੀ ਉਕਤ ਕੰਮ ਦਾ ਮਤਾ ਨੰ:CMC(25) ਮਿਤੀ: 30-06-2020 ਰਾਂਹੀ ਪਾਸ ਕੀਤਾ ਗਿਆ ਸੀ। ਇਸ ਦਫ਼ਤਰ ਦੇ ਵਰਕ ਆਰਡਰ ਨੰ: 424 ਮਿਤੀ: 12-10-2020 ਰਾਂਹੀ Star Co-op L&C Society ਨੂੰ (3251704/-) ਰੁਪਏ ਵਿੱਚ ਅਲਾਟ ਕੀਤਾ ਗਿਆ ਸੀ। ਇਸ ਤਖਮੀਨੇ ਵਿੱਚ ਪਾਰਕ ਦੇ ਬਾਹਰ ਫੁੱਟਪਾਥ, ਗਰਿੱਲਾਂ ਰਿਪੇਅਰ, ਟਿਊਬਵੈਲ, ਜਿੰਮ, ਵੈਦਰ ਸੈਲਟਰ,ਪਲੇਅ ਗਰਾਊਡ, ਆਦਿ ਦਾ ਕੰਮ ਲਿਆ ਗਿਆ ਸੀ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਤਖਮੀਨਾ ਤਿਆਰ ਕਰਨ ਸਮੇਂ ਪਾਰਕ ਦੀ Entry Point ਤੇ 16 ਸ੍ਰਬਜ ਹੀ ਲਈਆਂ ਗਈਆਂ ਸੀ। ਕੰਮ ਕਰਾਉਣ ਸਮੇਂ ਮਾਨਯੋਗ ਮੇਅਰ ਸਾਹਿਬ ਅਤੇ ਉਥੇ ਦੇ ਵਸਨੀਕਾਂ ਵੱਲੋਂ ਕਿਹਾ ਗਿਆ ਕਿ ਇਸ ਪਾਰਕ ਨੂੰ ਮੋਹਾਲੀ ਦਾ ਸਭ ਤੋਂ ਸੁੰਦਰ ਪਾਰਕ ਬਣਾਇਆ ਜਾਵੇ। ਇਸ ਸਬੰਧੀ ਹੋਰਟੀਕਲਚਰ ਸਪੈਸਲਿਸਟ ਨੂੰ ਮੋਕੇ ਤੇ ਬੁਲਾਇਆ ਗਿਆ ਅਤੇ ਉਨ੍ਹਾ ਵੱਲੋ ਪਲਾਟੈਸ਼ਨ ਦੀ ਹੱਥੀ ਬਣੀ ਡਰਾਇੰਗ ਤਿਆਰ ਕਰਕੇ ਦਿੱਤੀ ਗਈ। ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਡਰਾਇੰਗ ਅਨੁਸਾਰ ਪਲਾਟੇਸ਼ਨ ਕਰਨ ਲਈ ਕਿਹਾ। ਡਰਾਇੰਗ ਅਨੁਸਾਰ ਟਰੈਕ ਦੇ ਨਾਲ ਨਾਲ ਅਤੇ ਸਾਰੇ ਕਾਰਨਰ ਤੇ ਟਰੈਕ ਅਤੇ ਰੇਲਿੰਗ ਵਿਚਕਾਰ ਹੋਰਟੀਕਲਚਰ ਸਪੈਸਲਿਸਟ ਦੀ ਦੇਖ ਰੇਖ ਵਿੱਚ ਇਹ ਸ੍ਰਬਜ ਲਗਾਈਆਂ ਗ ਈਆ। ਜਿਸ ਦੀ ਸੰਖਿਆ 4000 ਹੈ। ਇਸ ਦੇ ਨਾਲ ਨਾਲ 278 ਸਕੇਅਰ ਮੀਟਰ ਗਰਾਊਡ ਕਵਰ ਪਾਮ ਟ੍ਰੀ 10 ਅਤੇ ਗੋਲਡਨ ਟਰੀ Cypres60 ਲਗਾਏ ਗਏ ਹਨ। ਇਸ ਤੋ ਇਲਾਵਾ ਬੱਚਿਆ ਲਈ ਝੂੱਲੇ ਵੀ ਲਗਾਏ ਗਏ ਹਨ।ਇਹ ਕੰਮ ਤਖਮੀਨੇ ਵਿੱਚ ਨਹੀ ਲਿਆ ਗਿਆ ਸੀ।ਮੋਕੇ ਤੇ ਉਕਤ ਕੰਮ ਲੋੜ ਅਨੁਸਾਰ ਕਰਵਾਇਆ ਗਿਆ ਹੈ।ਜਿਸ ਕਰਕੇ ਇਹ ਕੰਮ ਤਖਮੀਨੇ ਦੀ ਰਕਮ ਦਾ 25% ਵੱਧ ਗਿਆ ਹੈ। ਸੋ ਉਕਤ ਕੰਮ ਦਾ 25% ਵਧਾਉਣ ਲਈ ਰਿਪੋਰਟ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 19) | 96 | 04-01-2022 | **<u>ਨਗਰ ਨਿਗਮ ਵਿਖੇ ਠੇਕੇ ਦੇ ਆਧਾਰ ਤੇ ਡੀ.ਸੀ. ਰੇਟਾਂ ਤੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਭਰਤੀ ਕਰਨ ਸਬੰਧੀ।</u>**<br><br>1. ਰਿਪੋਰਟ ਅਮਲਾ ਸ਼ਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ.ਸ1-ਜਬ-ਡਸਸ-2021/24511-24513 ਮਿਤੀ 23.06.2021 ਰਾਹੀਂ ਜਾਰੀ ਹਦਾਇਤਾਂ ਦੇ ਮੱਦੇ ਨਜਰ ਨਗਰ ਨਿਗਮ ਵੱਲੋਂ ਜਰੂਰਤ ਅਨੁਸਾਰ ਲੋੜੀਂਦੇ ਸਫਾਈ ਸੇਵਕ ਅਤੇ ਸੀਵਰਮੈਨ ਡੀ.ਸੀ. ਰੇਟ ਤੇ ਠੇਕੇ ਤੇ ਭਰਤੀ ਕਰਨ ਲਈ ਮਤਾ ਨੰ.36 ਮਿਤੀ 03.08.2021 ਪਾਸ ਕੀਤਾ ਗਿਆ ਸੀ, ਜਿਸ ਨੂੰ ਸਰਕਾਰ ਵੱਲੋਂ ਪੱਤਰ ਨੰ.ਸ5-ਡਸਸ-ਮਸਸ-2021/33485 ਮਿਤੀ 18.08.2021 ਰਾਹੀਂ ਪ੍ਰਵਾਨਗੀ ਮਿਲਣ ਉਪਰੰਤ ਨਗਰ ਨਿਗਮ ਦੀ ਹਦੂਦ ਅੰਦਰ ਮੈਨੂਅਲ ਸਵੀਪਿੰਗ ਅਤੇ ਸ਼ਹਿਰ ਦੀਆਂ ਮਾਰਕੀਟਾਂ ਤੇ ਪਾਰਕਾਂ ਵਿੱਚ ਬਣੇ ਨਗਰ ਨਿਗਮ ਦੇ ਪਬਲਿੱਕ ਟੂਆਏਲੇਟ ਅਤੇ ਕਮਿਊਨਟੀ ਸੈਂਟਰਾ ਆਦਿ ਦੀ ਦੇਖਭਾਲ ਲਈ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | 959 ਸਫਾਈ ਸੇਵਕ ਅਤੇ ਸ਼ਹਿਰ ਦੇ ਸੀਵਰੇਜ ਦੀ ਦੇਖਭਾਲ ਲਈ 61 ਸੀਵਰਮੈਨ ਡੀ.ਸੀ. ਰੇਟ ਤੇ ਠੇਕੇ ਤੇ ਭਰਤੀ ਕਰਨ ਲਈ ਨਗਰ ਨਿਗਮ ਵੱਲੋਂ ਪੰਜਾਬ ਕਮਿਊਨੀਕੇਸ਼ਨ ਲਿਮ. (ਪਨਕੌਮ), ਬੀ-91 ਫੇਜ-8, ਇੰਡ.ਏਰੀਆ, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਆਨ ਲਾਈਨ (ਨਗਰ ਨਿਗਮ ਦੀ ਵੈਬਸਾਈਟ mcmohali.org) ਦਰਖਾਸਤਾਂ ਪ੍ਰਾਪਤ ਕਰਨ ਦਾ ਕੰਮ ਸੌਂਪਦੇ ਹੋਏ ਇਸ ਸਬੰਧੀ ਮਿਤੀ 22.10.2021 ਨੂੰ ਅਖਬਾਰਾਂ ਵਿੱਚ ਪਬਲਿੱਕ ਨੋਟਿਸ ਪ੍ਰਕਾਸ਼ਤ ਕਰਵਾ ਕੇ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਦਰਖਾਸਤਾਂ ਪ੍ਰਾਪਤ ਕਰਨ ਲਈ ਨਿਰਧਾਰਤ ਕੀਤੇ ਸਮੇਂ ਵਿੱਚ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਆਸਾਮੀ ਲਈ ਕੁੱਲ 1179 ਦਰਖਾਸਤਾਂ ਪ੍ਰਾਪਤ ਹੋਈਆਂ ਸਨ, ਜਿਹਨਾਂ ਦੀ ਪਨਕੌਮ ਵੱਲੋਂ ਨਗਰ ਨਿਗਮ ਵੱਲੋਂ ਨਿਰਧਾਰਤ ਮਾਪਦੰਡਾਂ (ਵਿਦਿਅੱਕ ਯੋਗਤਾ ਅਤੇ ਤਜਰਬੇ ਲਈ ਦਿੱਤੇ ਜਾਣ ਵਾਲੇ ਅੰਕ) ਅਨੁਸਾਰ ਪ੍ਰਾਰਥੀਆਂ ਵੱਲੋਂ ਭਰੀ ਗਈ ਤਫਸੀਲ ਅਨੁਸਾਰ ਆਰਜੀ ਮੈਰਿਟ ਲਿਸਟ ਤਿਆਰ ਕਰਕੇ ਨਗਰ ਨਿਗਮ ਨੂੰ ਸੌਂਪੀ ਗਈ ਸੀ। ਇਹਨਾਂ ਦਰਖਾਸਤਾਂ ਵਿੱਚੋਂ 476 ਸਿਰਫ ਸਫਾਈ ਸੇਵਕ ਦੀ ਆਸਾਮੀ ਲਈ, 687 ਦਰਖਾਸਤਾਂ ਸਫਾਈ ਸੇਵਕ ਅਤੇ ਸੀਵਰਮੈਨ ਦੋਨੋ ਆਸਾਮੀਆਂ ਲਈ, 5 ਦਰਖਾਸਤਾਂ ਸਿਰਫ ਸੀਵਰਮੈਨ ਦੀ ਆਸਾਮੀ ਲਈ ਅਤੇ 11 ਸੀਵਰਮੈਨ ਅਤੇ ਸਫਾਈ ਸੇਵਕ ਦੋਵੇਂ ਅਸਾਮੀਆਂ ਲਈ ਸਨ।<br>ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਮਿਤੀ 01.09.2021 ਆਪਣੇ ਹੁਕਮਾਂ ਰਾਹੀਂ ਸਲੈਕਸ਼ਨ ਕਮੇਟੀ ਸੰਯੁਕਤ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਗਈ ਸੀ, ਜਿਸ ਦੇ ਬਾਕੀ ਮੈਂਬਰ ਹੇਠ ਲਿਖੇ ਅਨੁਸਾਰ ਹਨ -<br>1. ਨਿਗਰਾਨ ਇੰਜੀਨੀਅਰ, ਨਗਰ ਨਿਗਮ, ਐਸ.ਏ.ਐਸ ਨਗਰ<br>2. ਸਹਾਇਕ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ ਨਗਰ<br>3. ਸਕੱਤਰ (ਰੰਜੀਵ ਕੁਮਾਰ) ਨਗਰ ਨਿਗਮ, ਐਸ.ਏ.ਐਸ ਨਗਰ<br>4. ਹੈਲਥ ਅਫਸਰ, ਨਗਰ ਨਿਗਮ, ਐਸ.ਏ.ਐਸ ਨਗਰ<br>5. ਸੁਪਰਡੰਟ ਅਮਲਾ, ਨਗਰ ਨਿਗਮ, ਐਸ.ਏ.ਐਸ ਨਗਰ<br><br>ਪ੍ਰਾਪਤ ਹੋਈਆਂ ਦਰਖਾਸਤਾਂ ਨਾਲ ਸਬੰਧਤ ਉਮੀਦਵਾਰਾਂ ਦੀ ਯੋਗਤਾ ਦੇ ਦਸਤਾਵੇਜਾਂ ਦੀ ਪੜਤਾਲ ਕਰਨ ਲਈ ਉਮੀਦਵਾਰਾਂ ਨੂੰ ਕੌਂਸਲਿੰਗ ਵਾਸਤੇ ਬੁਲਾਉਣ ਲਈ ਮਿਤੀ 19.11.2021 ਨੂੰ ਅਖਬਾਰਾਂ ਵਿੱਚ ਪਬਲਿੱਕ ਨੋਟਿਸ ਪ੍ਰਕਾਸ਼ਤ ਕਰਵਾ ਕੇ ਮਿਤੀ 25.11.2021 ਤੋਂ 27.11.2021 ਅਤੇ 29.11.2021 ਤੋਂ 01.12.2021 ਤੱਕ ਕਮਿਸ਼ਨਰ ਜੀ ਵੱਲੋਂ ਬਣਾਈਆਂ ਗਇਆਂ ਚਾਰ ਟੀਮਾਂ ਦੁਆਰਾ ਕਾਊਂਸਲਿੰਗ ਕੀਤੀ ਗਈ, | |

| | | | | |
|---|---|---|---|---|
| | | | ਕਾਉਂਸਲਿੰਗ ਦੌਰਾਨ ਕੁੱਲ 1179 ਉਮੀਦਵਾਰਾਂ ਵਿੱਚੋਂ 1106 ਉਮੀਦਵਾਰ ਹਾਜਰ ਹੋਏ, ਹਾਜਰ ਆਏ ਉਮੀਦਵਾਰਾਂ ਵਿੱਚੋਂ ਸਿਰਫ ਸਫਾਈ ਸੇਵਕ, ਸਫਾਈ ਸੇਵਕ ਅਤੇ ਸੀਵਰਮੈਨ ਦੋਨੋ, ਸਿਰਫ ਸੀਵਰਮੈਨ ਅਤੇ ਸੀਵਰਮੈਨ ਅਤੇ ਸਫਾਈ ਸੇਵਕ ਦੀ ਆਸਾਮੀ ਲਈ ਦਰਖਾਸਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-<br>i. ਸਿਰਫ ਸਫਾਈ ਸੇਵਕ ਦੀ ਆਸਾਮੀ ਲਈ ਦਰਖਾਸਤ ਦੇਣ ਵਾਲੇ ਕੁੱਲ ਉਮੀਦਵਾਰਾਂ ਦੀ ਗਿਣਤੀ 476 ਹੈ, ਜਿਸ ਵਿੱਚੋਂ ਕਾਉਂਸਲਿੰਗ ਦੌਰਾਨ 23 ਉਮੀਦਵਾਰ ਗੈਰ-ਹਾਜਰ ਰਹੇ, ਪੜਨਾ ਲਿਖਣਾ ਨਾ ਜਾਨਣ ਦੇ ਕਾਰਨ ਅਯੋਗ ਪਾਏ ਗਏ ਉਮੀਦਵਾਰ 11 ਹਨ, ਉਮਰ ਨਿਰਧਾਰਤ ਸੀਮਾ ਤੋਂ ਵੱਧ ਹੋਣ ਕਾਰਨ ਅਯੋਗ ਪਾਏ ਗਏ ਉਮੀਦਵਾਰ 67 ਹਨ ਅਤੇ 375 ਉਮੀਦਵਾਰਾਂ ਦੇ ਦਸਤਾਵੇਜ ਸਹੀ ਪਾਏ ਗਏ ਹਨ।<br>ii. ਸਿਰਫ ਸੀਵਰਮੈਨ ਦੀ ਆਸਾਮੀ ਲਈ ਦਰਖਾਸਤ ਦੇਣ ਵਾਲੇ ਕੁੱਲ ਉਮੀਦਵਾਰਾਂ ਦੀ ਗਿਣਤੀ 5 ਹੈ, ਜਿਸ ਵਿੱਚੋਂ ਕਾਉਂਸਲਿੰਗ ਦੌਰਾਨ 1 ਉਮੀਦਵਾਰ ਗੈਰ-ਹਾਜਰ ਰਿਹਾ ਅਤੇ 4 ਉਮੀਦਵਾਰਾਂ ਦੇ ਦਸਤਾਵੇਜ ਸਹੀ ਪਾਏ ਗਏ ਹਨ।<br>iii. ਦੋਵੇ ਅਸਾਮੀਆਂ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਗਿਣਤੀ 687 + 11 = 698 ਹੈ। ਸਫਾਈ ਸੇਵਕ ਦੀ ਆਸਾਮੀ ਨੂੰ ਪਹਿਲੀ ਤਰਜੀਹ ਅਤੇ ਸੀਵਰਮੈਨ ਦੀ ਆਸਾਮੀ ਨੂੰ ਦੂਸਰੀ ਤਰਜੀਹ ਦੀ ਦਰਖਾਸਤ ਦੇਣ ਵਾਲੇ ਕੁੱਲ ਉਮੀਦਵਾਰਾਂ ਦੀ ਗਿਣਤੀ 687 ਹੈ, ਜਿਸ ਵਿੱਚੋਂ ਕਾਉਂਸਲਿੰਗ ਦੌਰਾਨ 47 ਉਮੀਦਵਾਰ ਗੈਰ-ਹਾਜਰ ਰਹੇ, ਪੜਨਾ ਲਿਖਣਾ ਨਾ ਜਾਨਣ ਦੇ ਕਾਰਨ ਅਯੋਗ ਪਾਏ ਗਏ ਉਮੀਦਵਾਰ 25 ਹਨ, ਉਮਰ ਨਿਰਧਾਰਤ ਸੀਮਾ ਤੋਂ ਵੱਧ ਹੋਣ ਕਾਰਨ ਅਯੋਗ ਪਾਏ ਗਏ ਉਮੀਦਵਾਰ 67 ਹਨ ਅਤੇ 548 ਉਮੀਦਵਾਰਾਂ ਦੇ ਦਸਤਾਵੇਜ ਸਹੀ ਪਾਏ ਗਏ ਹਨ।<br>iv. ਸੀਵਰਮੈਨ ਦੀ ਆਸਾਮੀ ਨੂੰ ਪਹਿਲੀ ਤਰਜੀਹ ਅਤੇ ਸਫਾਈ ਸੇਵਕ ਦੀ ਆਸਾਮੀ ਨੂੰ ਦੂਸਰੀ ਤਰਜੀਹ ਦੀ ਦਰਖਾਸਤ ਦੇਣ ਵਾਲੇ ਕੁੱਲ ਉਮੀਦਵਾਰਾਂ ਦੀ ਗਿਣਤੀ 11 ਹੈ, ਜਿਸ ਵਿੱਚੋਂ ਕਾਉਂਸਲਿੰਗ ਦੌਰਾਨ 2 ਉਮੀਦਵਾਰ ਗੈਰ-ਹਾਜਰ ਰਹੇ, ਉਮਰ ਨਿਰਧਾਰਤ ਸੀਮਾ ਤੋਂ ਵੱਧ ਹੋਣ ਕਾਰਨ 01 ਉਮੀਦਵਾਰ ਅਯੋਗ ਪਾਇਆ ਗਿਆ ਅਤੇ 8 ਉਮੀਦਵਾਰਾਂ ਦੇ ਦਸਤਾਵੇਜ ਸਹੀ ਪਾਏ ਗਏ ਹਨ।<br>ਉਕਤ ਅਨੁਸਾਰ 1179 ਐਪਲੀਕੇਸ਼ਨਾ ਵਿੱਚੋਂ ਕਾਉਂਸਲਿੰਗ ਉਪਰੰਤ ਯੋਗ ਪਾਏ ਗਏ 935 ਉਮੀਦਵਾਰਾਂ ਦੀ ਲਿਸਟ " **ਙੰਡੀ ਓ** " ਅਨੁਸਾਰ ਹੈ :<br>2. ਨਗਰ ਨਿਗਮ ਵੱਲੋਂ ਮੈਰਿਟ ਲਿਸਟ ਤਿਆਰ ਕਰਦੇ ਸਮੇਂ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਾਰੀ ਕਾਰਵਾਈ ਕੀਤੀ ਗਈ ਹੈ ਅਤੇ ਦੱਸਿਆ ਜਾਂਦਾ ਹੈ ਕਿ ਮੈਰਿਟ ਲਿਸਟ ਦੇ ਲੜੀ ਨੰ.1 ਤੋਂ 375 ਤੱਕ ਸ਼ਾਮਿਲ ਉਮੀਦਵਾਰ ਓਪਨ ਵਰਗ ਦੇ ਹਨ। ਇਨ੍ਹਾਂ 375 ਓਪਨ ਵਰਗ ਦੇ | |

| | | | | |
|---|---|---|---|---|
| | | | ਉਮੀਦਵਾਰਾਂ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਿਡਾਰੀ, ਸਾਬਕਾ ਫੌਜੀ (ਆਮ ਵਰਗ) ਅਤੇ ਈ.ਡਬਯੂ.ਐਸ (E.W.S) ਵਰਗ ਦੀਆਂ ਨਾ ਭਰੀਆਂ ਅਸਾਮੀਆਂ ਨੂੰ ਓਪਨ ਵਰਗ ਵਿੱਚ ਤਬਦੀਲ ਕੀਤਾ ਗਿਆ ਹੈ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ -<br>i. ਆਰਥਿਕ ਤੌਰ ਤੇ ਕਮਜੋਰ ਵਰਗ ਲਈ 96 ਆਸਾਮੀਆਂ ਰਾਖਵੀਂ ਰੱਖੀਆਂ ਗਈਆਂ ਸਨ, ਜਿਹਨਾਂ ਦੇ ਵਿਰੁੱਧ ਸਿਰਫ ਦੋ ਯੋਗ ਦਰਖਾਸਤਾਂ ਪ੍ਰਾਪਤ ਹੋਈਆਂ ਹਨ ਬਾਕੀ ਦੀਆਂ 94 ਆਸਾਮੀਆਂ ਨੂੰ Government of Punjab, Department of Social Justice, Empowerment and Minorities ਵੱਲੋਂ ਪੱਤਰ ਨੰ.1/3/2019-ਆਰ.ਸੀ.1/700 ਮਿਤੀ 30.10.2020 ਰਾਹੀਂ ਜਾਰੀ ਹਦਾਇਤਾਂ ਦੇ ਪੈਰਾ ਨੰ.7.3 ਅਨੁਸਾਰ ਬੈਕਲਾਗ ਦੇ ਤੌਰ ਤੇ ਅਗਲੇ ਸਾਲ ਲਈ ਨਹੀਂ ਰੱਖਿਆ ਜਾ ਸਕਦਾ, ਇਸ ਲਈ ਇਹਨਾਂ 94 ਆਸਾਮੀਆਂ ਨੂੰ ਓਪਨ ਕੈਟਾਗਿਰੀ ਵਿੱਚ ਮੰਨਦੇ ਹੋਏ ਮੈਰਿਟ ਲਿਸਟ ਵਿੱਚ ਸ਼ਾਮਿਲ ਕੀਤਾ ਗਿਆ ਹੈ।<br>ii. ਸਾਬਕਾ ਫੌਜੀ (ਜਨਰਲ) ਵਰਗ ਲਈ ਕੁੱਲ 67 ਆਸਾਮੀਆਂ ਰਾਖਵੀਆਂ ਰੱਖੀਆਂ ਗਈਆਂ ਸਨ, ਜਿਹਨਾਂ ਦੇ ਵਿਰੁੱਧ ਕੋਈ ਦਰਖਾਸਤ ਪ੍ਰਾਪਤ ਨਹੀਂ ਹੋਈ, ਇਸ ਲਈ ਇਹ ਸਾਰੀਆਂ 67 ਆਸਾਮੀਆਂ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ Punjab Recruitment of Ex. Serviceman Rules 1982 ਅਤੇ ਨੋਟੀਫਿਕੇਸ਼ਨ ਨੰ.G.S.R.37/Const./Art, 309, 234 and 318/Amd.(11)/2019. dated 14.10.2019 ਦੇ ਰੂਲਾਂ ਤਹਿਤ ਓਪਨ ਕੈਟਾਗਿਰੀ ਵਿੱਚ ਤਬਦੀਲ ਕਰਦੇ ਹੋਏ ਓਪਨ ਕੈਟਾਗਿਰੀ ਦੀ ਮੈਰਿਟ ਲਿਸਟ ਵਿੱਚ ਸ਼ਾਮਿਲ ਕੀਤਾ ਗਿਆ ਹੈ।<br>iii. ਖਿਡਾਰੀ ਆਮ ਵਰਗ ਲਈ ਕੁੱਲ 19 ਆਸਾਮੀਆਂ ਰਾਖਵੀਆਂ ਰੱਖੀਆਂ ਗਈਆਂ ਸਨ, ਜਿਹਨਾਂ ਦੇ ਵਿਰੁੱਧ ਕੋਈ ਦਰਖਾਸਤ ਪ੍ਰਾਪਤ ਨਾ ਹੋਣ ਕਾਰਨ ਇਹਨਾਂ ਸਾਰੀਆਂ ਆਸਾਮੀਆਂ ਨੂੰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ.G.S.R.38/Const./Art.309/Amd.(1)/2019 dated 21.10.2019 ਰਾਹੀਂ ਜਾਰੀ ਹਦਾਇਤਾਂ ਤਹਿਤ ਓਪਨ ਕੈਟਾਗਿਰੀ ਵਿੱਚ ਤਬਦੀਲ ਕਰਦੇ ਹੋਏ ਓਪਨ ਕੈਟਾਗਿਰੀ ਦੀ ਮੈਰਿਟ ਲਿਸਟ ਵਿੱਚ ਸ਼ਾਮਿਲ ਕੀਤਾ ਗਿਆ ਹੈ।<br>iv. ਉਕਤ ਦਰਸਾਏ ਅਨੁਸਾਰ ਉਪਨ ਵਰਗ ਦੀਆਂ ਕੁਲ ਅਸਾਮੀਆਂ 555 ਵਿੱਚੋਂ 182 ਅਸਾਮੀਆਂ ਔਰਤਾਂ ਲਈ ਰਾਖਵੀਆਂ ਸਨ, ਜੋ ਕਿ ਨਿਯਮਾਂ ਅਨੁਸਾਰ ਭਰ ਲਈਆਂ ਗਈਆਂ ਹਨ। ਬੀ.ਸੀ ਵਰਗ ਦੀਆਂ ਔਰਤਾਂ ਲਈ ਕੁਲ 38 ਅਸਾਮੀਆਂ ਰਾਖਵੀਆਂ ਸਨ, ਜਿਨ੍ਹਾਂ ਵਿੱਚੋਂ 4 ਔਰਤਾਂ ਨਿਯੁਕਤੀ ਲਈ ਯੋਗ ਪਾਇਆਂ ਗਇਆਂ ਹਨ, ਇਸ ਤਰ੍ਹਾਂ ਬੀ.ਸੀ ਔਰਤਾਂ ਦੇ ਵਰਗ ਵਿੱਚ 34 ਅਸਾਮੀਆਂ ਖਾਲੀ ਰਹਿ ਜਾਂਦੀਆਂ ਹਨ। ਐਸ.ਸੀ (ਐਮ.ਐਂਡ.ਬੀ) ਵਰਗ ਦੀਆਂ ਔਰਤਾਂ ਲਈ ਕੁਲ 39 ਅਸਾਮੀਆਂ ਰਾਖਵੀਆਂ ਸਨ, ਜਿਨ੍ਹਾਂ ਵਿੱਚੋਂ 7 ਔਰਤਾਂ ਨਿਯੁਕਤੀ ਲਈ ਯੋਗ ਪਾਇਆਂ ਗਇਆਂ ਹਨ ਇਸ ਤਰ੍ਹਾਂ ਐਸ.ਸੀ | |

| | | | | |
|---|---|---|---|---|
| | | | (ਐਮ.ਐਂਡ.ਬੀ) ਦੇ ਵਰਗ ਵਿੱਚ 32 ਅਸਾਮੀਆਂ ਖਾਲੀ ਰਹਿ ਜਾਂਦੀਆਂ ਹਨ। ਐਸ.ਸੀ (ਆਰ.ਐਂਡ.ਓ) ਵਰਗ ਦੀਆਂ ਔਰਤਾਂ ਲਈ ਕੁਲ 38 ਅਸਾਮੀਆਂ ਰਾਖਵੀਆਂ ਸਨ, ਜਿਨ੍ਹਾਂ ਵਿੱਚੋਂ 12 ਔਰਤਾਂ ਨਿਯੁਕਤੀ ਲਈ ਯੋਗ ਪਾਇਆਂ ਗਇਆਂ ਹਨ, ਇਸ ਤਰ੍ਹਾਂ ਐਸ.ਸੀ (ਆਰ.ਐਂਡ.ਓ) ਔਰਤਾਂ ਦੇ ਵਰਗ ਵਿੱਚ 26 ਅਸਾਮੀਆਂ ਖਾਲੀ ਰਹਿ ਜਾਂਦੀਆਂ ਹਨ। ਇਸ ਤਰ੍ਹਾਂ ਔਰਤਾਂ ਲਈ ਰਾਖਵੀਆਂ ਜੋ ਅਸਾਮੀਆਂ ਖਾਲੀ ਰਹਿ ਗਇਆਂ ਸਨ, ਉਨ੍ਹਾਂ ਦੇ ਵਿਰੁੱਧ " Govt. of Punjab, Department of Social Securtiy, Women and Child Development ਦੇ ਨੋਟੀਫਿਕੇਸ਼ਨ No. G.S.R87/Const/Arts309 and 15/2020 Dated 21.10.2020 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਉਸੇ ਕੈਟਾਗਰੀ ਦੇ ਯੋਗ ਮਰਦ ਉਮੀਦਵਾਰਾਂ ਵਿੱਚੋਂ ਭਰਿਆ ਜਾ ਰਿਹਾ ਹੈ।<br>v. Govt of Punjab, Department of Welfare of Scheduled Castes, Backward Classes and Minorities (Reservation Cell) ਦੇ ਪੱਤਰ ਨੰ. 1/35/2017-RCI/1071544/1 ਮਿਤੀ 25.09.2017 ਰਾਹੀਂ ਜਾਰੀ ਹਦਾਇਤਾ ਦੇ ਪੈਰਾ ਨੰ. 4 ਅਨੁਸਾਰ ਐਸ.ਸੀ ਅਤੇ ਬੀ.ਸੀ ਵਰਗ ਦੇ ਜੋ ਉਮੀਦਵਾਰ ਉਪਨ ਮੈਰਿਟ ਵਿੱਚ ਆ ਰਹੇ ਸਨ, ਪ੍ਰੰਤੂ ਉਨ੍ਹਾਂ ਦੀ ਉਮਰ 37 ਸਾਲ ਤੋਂ ਵੱਧ ਹੋਣ ਕਾਰਨ ਅਤੇ ਉਨ੍ਹਾਂ ਕੋਲ ਨਗਰ ਨਿਗਮ ਵਿਖੇ ਕੰਮ ਕਰਨ ਦਾ ਤਜਰਬਾ ਹੋਣ ਕਾਰਨ ਛੋਟ ਮਿਲਣ ਤੇ ਉਨ੍ਹਾਂ ਨੂੰ ਆਪਣੇ ਵਰਗ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਸੀਮਾ ਵਿੱਚ ਪੰਜ ਸਾਲ ਦੀ ਛੋਟ ਦਾ ਲਾਭ ਦਿੰਦੇ ਹੋਏ ਉਨ੍ਹਾਂ ਦੇ ਆਪਣੇ ਵਰਗ ਵਿੱਚ ਨਿਯੁਕਤੀ ਲਈ ਯੋਗ ਪਾਇਆ ਗਿਆ ਹੈ।<br>vi. Govt. of Punjab, Department of Social Securtiy, Women and Child Development ਦੇ ਪੱਤਰ ਨੰ.1/1/2017-3DC/1588894/1 ਮਿਤੀ 03.10.2019 ਰਾਹੀਂ ਜਾਰੀ ਹਦਾਇਤਾਂ ਦੇ ਪੈਰਾ ਨੰਬਰ 07 ਅਨੁਸਾਰ ਦਿਵਿਆਂਗਜਨ ਵਰਗ (Handicapped Category) ਦੇ ਜੋ ਉਮੀਦਵਾਰ ਉਪਨ ਮੈਰਿਟ ਵਿੱਚ ਆਏ ਹਨ, ਉਨ੍ਹਾਂ ਨੂੰ ਉਪਨ ਮੈਰਿਟ ਵਿੱਚ ਹੀ ਸ਼ਾਮਲ ਕੀਤਾ ਗਿਆ ਹੈ, ਨਾ ਕਿ ਦਿਵਿਆਂਗਜਨ ਵਰਗ ਲਈ ਰਾਖਵੀਆਂ ਅਸਾਮੀਆਂ ਵਿੱਚ।<br>**ਇਸ ਤਰ੍ਹਾਂ ਮੈਰਿਟ ਦੇ ਆਧਾਰ ਤੇ ਓਪਨ ਵਰਗ ਤਹਿਤ ਕੁੱਲ 555 ਆਸਾਮੀਆਂ ਭਰੀਆਂ ਜਾ ਸਕਦੀਆਂ ਹਨ। ਓਪਨ ਵਰਗ ਵਿੱਚ ਭਰੀਆਂ ਜਾਣ ਵਾਲਿਆਂ 555 ਅਸਾਮੀਆਂ ਦੀ ਲਿਸਟ ਹੇਠ ਲਿਖੇ ਅਨੁਸਾਰ " ਝੰਡੀ ੳ " ਤੇ ਹੈ:-**<br>3. ਉਕਤ ਮੈਰਿਟ ਲਿਸਟ ਤੋਂ ਇਲਾਵਾ ਰਿਜਰਵ ਕੈਟਾਗਿਰੀਆਂ ਵਿੱਚੋਂ ਹੇਠ ਲਿਖੇ ਅਨੁਸਾਰ ਉਮੀਦਵਾਰ ਆਪਣੀ ਕੈਟਾਗਿਰੀ ਦੀ ਮੈਰਿਟ ਲਿਸਟ ਵਿੱਚ ਆਉਂਦੇ ਹਨ :- | |

| ਵਰਗ | ਕੁੱਲ ਨਿਯੁਕਤੀ ਲਈ ਯੋਗ ਪਾਏ ਗਏ ਉਮੀਦਵਾਰਾਂ ਦੀ ਗਿਣਤੀ | ਕੁੱਲ ਨਿਯੁਕਤੀ ਲਈ ਯੋਗ ਪਾਏ ਗਏ ਉਮੀਦਵਾਰਾਂ ਵਿੱਚੋਂ ਔਰਤ ਉਮੀਦਵਾਰਾਂ ਦੀ ਗਿਣਤੀ |
|---|---|---|
| ਐਸ(ਬੀ.ਐਂਡ.ਐਮ) ਸੀ. | 67 | 07 |
| ਐਸ(ਓ.ਐਂਡ.ਆਰ) ਸੀ. | 41 | 12 |
| ਬੀ .ਸੀ. | 18 | 04 |
| ਹੈਂਡੀਕੈਪਡ (ਬਲਾਇੰਡ) | 01 | ਨਿੱਲ |
| ਹੈਂਡੀਕੈਪਡ (ਲੋਕੋਮੋਟਰ ਡਿਸਅਬੇਲਿਟੀ) | 10 | 02 |
| ਸੁਤੰਤਰਤਾ ਸੈਨਾਨੀ | 03 | 0 |
| ਈਐਸ.ਡਬਲਿਊ. | 02 | 01 |
| ਕੁੱਲ | 142 | 26 |

ਉਕਤ ਆਪਣੇ ਹੀ ਵਰਗਾਂ ਵਿੱਚ ਮੈਰਿਟ ਦੇ ਆਧਾਰ ਤੇ ਯੋਗ ਪਾਏ ਗਏ ਉਮੀਦਵਾਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ " **ਫ਼ੰਡੀ ਅ** " ਤੇ ਦਿੱਤਾ ਜਾਂਦਾ ਹੈ -

4. ਸਿਰਫ ਸੀਵਰਮੈਨ ਦੀ ਆਸਾਮੀ ਲਈ ਕੁੱਲ 16 ਦਰਖਾਸਤਾਂ ਪ੍ਰਾਪਤ ਹੋਈਆਂ ਸਨ, ਜਿਹਨਾਂ ਵਿੱਚੋਂ 13 ਉਮੀਦਵਾਰ ਕਾਊਂਸਲਿੰਗ ਲਈ ਹਾਜਰ ਹੋਏ ਅਤੇ 3 ਉਮੀਦਵਾਰ ਗੈਰ-ਹਾਜਰ ਰਹੇ। ਕਾਊਂਸਲਿੰਗ ਲਈ ਹਾਜਰ ਆਏ 13 ਉਮੀਦਵਾਰਾਂ ਵਿੱਚੋਂ 1 ਉਮੀਦਵਾਰ ਉਸ ਦੀ ਉਮਰ ਨਿਰਧਾਰਤ ਸੀਮਾ ਤੋਂ ਵੱਧ ਹੋਣ ਕਾਰਨ ਅਯੋਗ ਪਾਇਆ ਗਿਆ ਅਤੇ 12 ਉਮੀਦਵਾਰਾਂ ਦੇ ਦਸਤਾਵੇਜ਼ ਸੀਵਰਮੈਨ ਦੀ ਅਸਾਮੀ ਲਈ ਸਹੀ ਪਾਏ ਗਏ। ਸੀਵਰਮੈਨ ਦੀਆਂ ਓਪਨ ਵਰਗ ਦੀਆਂ ਕੁਲ 24 ਆਸਾਮੀਆਂ ਹਨ ਅਤੇ ਈ.ਡਬਲਿਊ.ਐਸ (ਜਨਰਲ), ਸਾਬਕਾ ਫੌਜੀ (ਜਨਰਲ) ਅਤੇ ਖਿਡਾਰੀ (ਜਨਰਲ) ਵਰਗ ਲਈ ਰਿਜਰਵ ਕ੍ਰਮਵਾਰ 6, 5 ਅਤੇ 1 ਆਸਾਮੀਆਂ ਲਈ ਕੋਈ ਵੀ ਦਰਖਾਸਤ ਪ੍ਰਾਪਤ ਨਾ ਹੋਣ ਕਾਰਨ ਇਹਨਾਂ ਰਿਜਰਵ ਆਸਾਮੀਆਂ ਨੂੰ ਉਕਤ ਦਰਸਾਏ ਰੂਲਾਂ ਅਨੁਸਾਰ ਓਪਨ ਵਰਗ ਵਿੱਚ ਵਿਚਾਰਦੇ ਹੋਏ ਓਪਨ ਵਰਗ ਦੀਆਂ ਕੁੱਲ ਆਸਾਮੀਆਂ 36 ਮੰਨਦੇ ਹੋਏ 36 ਉਮੀਦਵਾਰਾਂ ਦੀ ਨਿਯੁਕਤੀ ਕੀਤੀ ਜਾ ਰਹੀ ਹੈ। ਜਿਸ ਦੇ ਵਿਰੁੱਧ ਸਿਰਫ ਸੀਵਰਮੈਨ ਦੀ ਆਸਾਮੀ ਲਈ ਦਰਖਾਸਤ ਦੇਣ ਵਾਲੇ 12 ਉਮੀਦਵਾਰਾਂ ਅਤੇ ਸੀਵਰਮੈਨ ਦੀ ਆਸਾਮੀ ਨੂੰ ਦੂਸਰੀ ਤਰਜੀਹ ਦੇਣ ਵਾਲੇ ਉਮੀਦਵਾਰਾਂ ਵਿੱਚੋਂ ਜਿਹਨਾਂ ਉਮੀਦਵਾਰਾਂ ਦੀ ਚੋਣ ਬਤੌਰ ਸਫਾਈ ਸੇਵਕ ਨਹੀਂ ਹੋਈ ਹੈ, ਉਹਨਾਂ ਵਿੱਚੋਂ ਮੈਰਿਟ ਦੇ ਆਧਾਰ ਤੇ 24

| | | | | |
|---|---|---|---|---|
| | | | ਉਮੀਦਵਾਰ ਯੋਗ ਪਾਏ ਗਏ ਹਨ, ਜਿਨ੍ਹਾਂ ਦੀ ਮੈਰਿਟ ਲਿਸਟ ਹੇਠ ਲਿਖੇ ਅਨੁਸਾਰ " **ਡੰਡੀ ਏ** " ਤੇ ਹੈ ਜੀ :-<br>ਉਕਤ ਅਨੁਸਾਰ ਸਲੈਕਸ਼ਨ ਕਮੇਟੀ ਵੱਲੋਂ ਸਫਾਈ ਸੇਵਕ ਅਤੇ ਸੀਵਰਮੈਨ ਦੀ ਅਸਾਮੀਆਂ ਲਈ ਜੋ ਉਮੀਦਵਾਰ ਯੋਗ ਪਾਏ ਗਏ ਹਨ, ਉਨ੍ਹਾਂ ਵਿੱਚੋਂ ਉਕਤ ਦਰਸਾਏ ਅਨੁਸਾਰ ਸਫਾਈ ਸੇਵਕ ਦੀਆਂ 697 ਅਤੇ ਸੀਵਰਮੈਨ ਦੀਆਂ 36 ਅਸਾਮੀਆਂ ਤੇ ਉਮੀਦਵਾਰਾਂ ਨੂੰ ਨਿਯੁਕਤ ਕਰਨ ਲਈ ਸਿਫਾਰਸ਼ ਕੀਤੀ ਜਾ ਰਹੀ ਹੈ। ਬਾਕੀ ਦੀਆਂ ਅਸਾਮੀਆਂ ਲਈ ਸਬੰਧਤ ਵਰਗਾਂ ਵਿੱਚ ਉਮੀਦਵਾਰ ਉਪਲੱਬਧ ਨਾ ਹੋਣ ਕਾਰਨ ਨਹੀਂ ਭਰੀਆਂ ਜਾ ਸਕਦੀਆਂ।<br>ਇਸ ਲਈ ਉਕਤ ਦਰਸਾਏ ਅਨੁਸਾਰ 697 ਉਮੀਦਵਾਰਾਂ ਨੂੰ ਨਗਰ ਨਿਗਮ ਵਿਖੇ ਸਫਾਈ ਸੇਵਕ ਅਤੇ 36 ਉਮੀਦਵਾਰਾਂ ਨੂੰ ਨਗਰ ਨਿਗਮ ਵਿਖੇ ਸੀਵਰਮੈਨ ਦੀ ਅਸਾਮੀ ਤੇ ਡੀ.ਸੀ ਰੇਟ ਤੇ ਠੇਕੇ ਤੇ ਆਧਾਰ ਤੇ ਨਿਯੁਕਤ ਕਰਨ/ਨਿਯੁਕਤੀ ਪੱਤਰ ਜਾਰੀ ਕਰਨ ਲਈ ਰਿਪੋਰਟ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰ/ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 20) | 97 | 04-01-2022 | **ਹੇਠ ਲਿਖੇ ਅਨੁਸਾਰ ਟੇਬਲ ਆਇਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ।**<br>**ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਆਊਟਸੋਰਸ ਅਧੀਨ ਕੰਮ ਕਰ ਰਹੇ ਦਰਜ਼ਾ-3 ਅਤੇ ਦਰਜ਼ਾ-4 ਦੇ ਕਰਮਚਾਰੀਆਂ ਦੀਆਂ ਸੇਵਾਵਾ ਡੀ.ਸੀ.ਰੇਟ ਤੇ ਕਰਨ ਸਬੰਧੀ।**<br>ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਮਾਨਯੋਗ ਸ੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਅ.ਸ.ਪੱਤਰ ਨੰ: 26 ਮਿਤੀ: 29-12-2021 ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵੱਲੋਂ ਲਿਖਿਆ ਗਿਆ ਹੈ ਕਿ ਨਗਰ ਨਿਗਮ, ਐਸ.ਏ.ਐਸ ਨਗਰ ਵਿਖੇ ਦਰਜ਼ਾ-3 ਅਤੇ ਦਰਜ਼ਾ-4 ਕਰਮਚਾਰੀ ਕਈ ਕਈ ਸਾਲਾਂ ਤੋਂ ਆਊਟਸੋਰਸ ਤੇ ਕੰਮ ਕਰ ਰਹੇ ਹਨ। ਇਹਨਾਂ ਕਰਮਚਾਰੀਆਂ ਵੱਲੋਂ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ ਕਿ ਉਹਨਾਂ ਨੂੰ ਸਿੱਧੇ ਤੌਰ ਤੇ ਨਗਰ ਨਿਗਮ, ਐਸ.ਏ.ਐਸ ਵਿਖੇ ਡੀ.ਸੀ.ਰੇਟ ਤੇ ਰੱਖਿਆ ਜਾਵੇ। ਇਸ ਲਈ ਆਉਣ ਵਾਲੀ ਜਨਰਲ ਹਾਊਸ ਦੀ ਮੀਟਿੰਗ ਵਿੱਚ ਇਸ ਸਬੰਧੀ ਮਤਾ ਲਿਆਦਾ ਜ਼ਾਵੇ।<br>ਇਸ ਸਬੰਧੀ ਬੇਨਤੀ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਆਊਟਸੋਰਸ ਅਧੀਨ ਕੰਮ ਕਰ ਰਹੇ ਦਰਜ਼ਾ-3 ਅਤੇ ਦਰਜ਼ਾ-4 ਦੇ ਕਰਮਚਾਰੀਆਂ ਦੀਆਂ ਸੇਵਾਵਾਂ ਡੀ.ਸੀ.ਰੇਟ ਤੇ ਕਰਨ ਸਬੰਧੀ ਸਰਕਾਰ ਵੱਲੋਂ ਕੋਈ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ ਹਨ। ਇਹ ਆਪ ਜੀ ਦੀ ਜਾਣਕਾਰੀ ਅਤੇ ਯੋਗ ਹੁਕਮਾਂ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| 21) | 98 | 04-01-2022 | **<u>International Airport, S.A.S. Nagar (Mohali) ਤੋਂ Foreign country ਲਈ direct flight ਚਲਾਉਣ ਸਬੰਧੀ।</u>**<br>ਰਿਪੋਰਟ ਇੰਜ: ਸ਼ਾਖਾ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿੱਚ ਭਾਰਤ ਸਰਕਾਰ ਦੁਆਰਾ ਸਤੰਬਰ 2015 ਵਿੱਚ International Airport ਦਾ ਉਦਘਾਟਨ ਕੀਤਾ ਗਿਆ। ਇਥੇ ਦੱਸਣਯੋਗ ਹੋਵੇਗਾ ਕਿ ਇਸ International Airport ਤੋਂ Foreign countries ਜਿਵੇਂ ਕਿ USA, Canada, Australia, Germany etc. ਦੀਆਂ direct ਫਲਾਈਟਾਂ ਨਹੀਂ ਹਨ। ਪੰਜਾਬ ਰਾਜ ਵਿੱਚੋਂ ਰੋਜਾਨਾ ਹੀ ਬਹੁਤ ਜਿਆਦਾ ਲੋਕਾਂ ਵੱਲੋਂ USA, Canada ਆਦਿ ਤੋਂ ਆਇਆ-ਜਾਇਆ ਜਾਂਦਾ ਹੈ। ਮੋਹਾਲੀ ਵਿੱਚ International Airport ਤੋਂ ਉਕਤ ਦੇਸ਼ਾਂ ਵਿੱਚ ਜਾਣ ਲਈ ਸਿੱਧੀਆਂ ਫਲਾਈਟਾਂ ਨਾ ਹੋਣ ਕਾਰਨ ਪੰਜਾਬ ਦੇ ਲੋਕਾਂ ਨੂੰ ਦਿੱਲੀ International Airport ਤੇ ਆਣਾ-ਜਾਣਾ ਪੈਂਦਾ ਹੈ। ਪੰਜਾਬ ਤੋਂ ਦਿੱਲੀ ਜਾਣ ਲਈ ਤਕਰੀਬਨ 6 ਤੋਂ 7 ਘੰਟੇ ਲੱਗ ਜਾਂਦੇ ਹਨ। ਜਿਸ ਕਾਰਨ ਕਈ ਵਾਰ unnatural conditions ਹੋਣ ਕਾਰਨ ਦਿੱਲੀ ਜਾਣ ਵਿੱਚ ਦੇਰੀ ਹੋ ਜਾਂਦੀ ਹੈ, ਜਿਸ ਕਾਰਨ ਕਈ ਵਾਰ ਲੋਕਾਂ ਦੀਆਂ ਫਲਾਈਟਾਂ miss ਹੋਣ ਦਾ ਖਦਸ਼ਾ ਰਹਿੰਦਾ ਹੈ ਅਤੇ ਲੋਕਾਂ ਨੂੰ ਦਿੱਕਤ ਪੇਸ਼ ਆਉਂਦੀ ਹੈ।<br>ਸੋ ਉਕਤ ਤਥਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਲੋਕਾਂ ਦੇ ਹਿੱਤਾ ਲਈ ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਸਥਿਤ International Airport ਤੋਂ USA, Canada, Australia, Germany etc. ਦੀਆਂ direct ਫਲਾਈਟਾਂ ਚਲਾਉਣ ਲਈ ਕੇਂਦਰ ਸਰਕਾਰ ਨੂੰ ਲਿਖਿਆ ਜਾਣਾ ਯੋਗ ਹੋਵੇਗਾ। ਸੋ ਉਕਤ ਮੁਤਾਬਿਕ ਵਿਸ਼ੇ ਅਧੀਨ ਕੇਸ ਹਾਊਸ ਤੇ ਵਿਚਾਰ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 22) | 99 | 04-01-2022 | **<u>ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਤੋਂ ਤਖਤ ਸ੍ਰੀ ਹਜੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਜਾਣ ਲਈ ਰੇਲ ਗੱਡੀਆਂ ਦੀ ਸੁਵਿਧਾ ਦੇਣ ਸਬੰਧੀ।</u>**<br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਜਿਲ੍ਹਾ ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਲੋਕਾਂ ਲਈ ਤਖਤ ਸ੍ਰੀ ਹਜੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਜਾਣ ਲਈ ਮੋਹਾਲੀ ਦੇ ਰੇਲਵੇ ਸਟੇਸ਼ਨ ਤੋਂ ਕੋਈ ਵੀ ਸਿੱਧੀ ਰੇਲ ਗੱਡੀ ਨਹੀਂ ਹੈ। ਮੋਹਾਲੀ ਜਿਲ੍ਹੇ ਦੇ ਲੋਕਾਂ ਵੱਲੋਂ ਤਖਤ ਸ੍ਰੀ ਹਜੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਜਾਣ ਲਈ ਰੇਲ ਗੱਡੀ ਅੰਬਾਲਾ, ਰਾਜਪੁਰਾ, ਸਰਹਿੰਦ ਜਾਂ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਲੁਧਿਆਣੇ ਦੇ ਰੇਲਵੇ ਸਟੇਸ਼ਨਾਂ ਤੋਂ ਲੈਣੀ ਪੈਂਦੀ ਹੈ। ਪੰਜਾਬ ਵਿੱਚੋਂ ਤਖਤ ਸ਼੍ਰੀ ਹਜੂਰ ਸਾਹਿਬ ਅਤੇ ਤਖਤ ਸ਼੍ਰੀ ਪਟਨਾ ਸਾਹਿਬ ਜਾਣ ਲਈ ਅੰਮ੍ਰਿਤਸਰ ਤੋਂ ਰੇਲ ਗੱਡੀ ਦੀਆਂ ਸੇਵਾਵਾਂ ਚਾਲੂ ਹਨ, ਜੋ ਕਿ ਅੰਮ੍ਰਿਤਸਰ ਤੋਂ ਸਰਹਿੰਦ ਅਤੇ ਰਾਜਪੁਰੇ ਹੁੰਦੇ ਹੋਏ ਮਹਾਰਾਸ਼ਟਰਾ ਅਤੇ ਬਿਹਾਰ ਚਲੀਆਂ ਜਾਂਦੀਆਂ ਹਨ। ਜਿਲ੍ਹਾਂ ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਵੱਖ-ਵੱਖ ਸਟੇਸ਼ਨਾਂ ਤੇ ਜਾਣ ਲਈ ਕਾਫੀ ਸਮਾਂ ਲੱਗ ਜਾਂਦਾ ਹੈ। ਜਿਸ ਕਾਰਨ ਕਈ ਵਾਰ unnatural conditions ਹੋਣ ਕਾਰਨ ਜਾਣ ਵਿੱਚ ਦੇਰੀ ਹੋ ਜਾਂਦੀ ਹੈ, ਜਿਸ ਕਾਰਨ ਕਈ ਵਾਰ ਲੋਕਾਂ ਦੀਆਂ ਰੇਲ ਗੱਡੀਆਂ miss ਹੋਣ ਦਾ ਖਦਸ਼ਾ ਰਹਿੰਦਾ ਹੈ ਅਤੇ ਲੋਕਾਂ ਨੂੰ ਦਿੱਕਤ ਪੇਸ਼ ਆਉਂਦੀ ਹੈ।<br>ਸੋ ਉਕਤ ਤਥਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਵਿੱਚੋਂ ਪਹਿਲਾਂ ਤੋਂ ਤਖਤ ਸ਼੍ਰੀ ਹਜੂਰ ਸਾਹਿਬ ਅਤੇ ਤਖਤ ਸ਼੍ਰੀ ਪਟਨਾ ਸਾਹਿਬ ਜਾਣ ਲਈ ਚੱਲ ਰਹੀਆਂ ਰੇਲ ਗੱਡੀਆਂ ਲਈ ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਰੇਲਵੇ ਸ਼ਟੇਸ਼ਨ ਦਾ stoppage ਬਣਾਇਆ ਜਾਵੇ ਅਤੇ ਰੇਲ ਗੱਡੀਆਂ ਮੋਹਾਲੀ ਰੇਲਵੇ ਸਟੇਸ਼ਨ ਹੋਕੇ ਜਾਣ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਜਾਣੀ ਯੋਗ ਹੋਵੇਗੀ। ਸੋ ਉਕਤ ਮੁਤਾਬਿਕ ਵਿਸ਼ੇ ਅਧੀਨ ਕੇਸ ਹਾਊਸ ਤੇ ਵਿਚਾਰ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 23) | 100 | 04-01-2022 | **ਆਈ.ਐਸ.ਬੀ.ਟੀ. ਐਸ.ਏ.ਐਸ. ਨਗਰ (ਮੋਹਾਲੀ) ਤੋਂ ਆਈ.ਐਸ.ਬੀ.ਟੀ ਗੁੜਗਾਓਂ (ਹਰਿਆਣਾ) ਜਾਣ ਲਈ ਸਿੱਧੀ ਬੱਸ ਦੀ ਸੁਵਿਧਾ ਦੇਣ ਸਬੰਧੀ।**<br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਜਿਲ੍ਹਾ ਸ਼ਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਆਈ.ਐਸ.ਬੀ.ਟੀ ਤੋਂ ਲੋਕਾਂ ਲਈ ਗੁੜਗਾਓਂ (ਹਰਿਆਣਾ) ਜਾਣ ਲਈ ਕੋਈ ਵੀ ਸਿੱਧੀ ਬੱਸ ਦੀ ਸੇਵਾ ਨਹੀਂ ਹੈ। ਮੋਹਾਲੀ ਜਿਲ੍ਹੇ ਦੇ ਲੋਕਾਂ ਨੂੰ ਗੁੜਗਾਓਂ (ਹਰਿਆਣਾ) ਜਾਣ ਲਈ ਪਹਿਲਾਂ ਆਈ.ਐਸ.ਬੀ.ਟੀ ਦਿੱਲੀ ਜਾਣਾ ਪੈਂਦਾ ਹੈ ਅਤੇ ਆਈ.ਐਸ.ਬੀ.ਟੀ ਦਿੱਲੀ ਤੋਂ ਗੁੜਗਾਓਂ (ਹਰਿਆਣਾ) ਜਾਣ ਲਈ ਦਿੱਲੀ ਸ਼ਹਿਰ ਵਿੱਚ ਬਹੁਤ ਟਰੈਫਿਕ ਹੋਣ ਕਾਰਨ ਤਕਰੀਬਨ 2 ਤੋਂ 3 ਘੰਟੇ ਲੱਗ ਜਾਂਦੇ ਹਨ। ਜਿਸ ਕਾਰਨ ਜਿਲ੍ਹਾ ਮੋਹਾਲੀ ਅਤੇ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਦਿੱਕਤ ਪੇਸ਼ ਆਉਂਦੀ ਹੈ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਸੋ ਉਕਤ ਤਥਾਂ ਨੂੰ ਮੁੱਖ ਰੱਖਦੇ ਆਈ.ਐਸ.ਬੀ.ਟੀ ਮੋਹਾਲੀ ਤੋਂ ਆਈ.ਐਸ.ਬੀ.ਟੀ ਗੁੜਗਾਓਂ (ਹਰਿਆਣਾ) ਲਈ ਸਿੱਧੀ ਬੱਸ ਸੇਵਾ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਲਿਖਣਾ ਯੋਗ ਹੋਵੇਗਾ। ਸੋ ਉਕਤ ਮੁਤਾਬਿਕ ਵਿਸ਼ੇ ਅਧੀਨ ਕੇਸ ਹਾਊਸ ਤੇ ਵਿਚਾਰ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |

ਸਹੀ/–
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।